Fair Advice Financial | Care Wealth Management Inc.
RDSP (Registered Disability Savings Plan)
☑ Disabled person who is eligible for Disability Tax Credit.
☑ And who is 49 years old or younger.
☑ By contributing in an RDSP Plan he/she may be eligible to receive up to $90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6



ਕੈਨੇਡੀਅਨ ਪੰਜਾਬੀ ਪੋਸਟ
Award winning newspaper | Canadian Punjabi Post
Vol 19*Issue 108 Tuesday, June 09, 2020 Tel: 905-793-2202 | Fax: 905-793-2282 | news@punjabipost.ca
To view our online newspaper visit punjabipost.ca/epaper THE ONLY DAILY PUNJABI NEWSPAPER ਹੁਣ ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ



JOSHI LAW OFFICE
Barrister, Solicitor & Notary Public
❖ Immigration
❖ Real Estate
❖ Commercial Law
❖ Affidavit
❖ Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steeles Ave. W. Unit 11, Etobicoke, ON


# ਮੁਜ਼ਾਹਰੇ ਵਿਚ ਟਰੂਡੋ ਦੇ ਹਿੱਸਾ ਲੈਣ ਤੋਂ ਲੋਕ ਭੰਬਲਭੂਸੇ ਵਿਚ : ਸ਼ੀਅਰ

ਓਨਟਾਰੀਓ, 8 ਜੂਨ (ਪੋਸਟ ਬਿਊਰੋ) : ਕੰਜ਼ਰਵੇਟਿਵ ਆਗੂ ਐਂਡਰਿਊ ਸ਼ੀਅਰ ਨੇ ਅੱਜ ਆਖਿਆ ਕਿ ਕੈਨੇਡੀਅਨਾਂ ਦਾ ਇਸ ਗੱਲ ਨੂੰ ਲੈ ਕੇ ਗੁੱਸੇ ਹੋਣ ਦਾ ਪੂਰਾ ਹੱਕ ਬਣਦਾ ਹੈ ਕਿ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਮਹਾਂਮਾਰੀ ਨੂੰ ਰੋਕਣ ਲਈ ਕਈ ਮਹੀਨਿਆਂ ਤੋਂ ਉਨ੍ਹਾਂ ਨੂੰ ਘਰਾਂ ਦੇ ਅੰਦਰ ਰਹਿਣ ਦੀ ਸਲਾਹ ਦਿੰਦੇ ਰਹੇ ਤੇ ਹੁਣ ਆਪ ਉਨ੍ਹਾਂ ਵੱਲੋਂ ਮੁਜ਼ਾਹਰੇ ਵਿੱਚ ਹਿੱਸਾ ਲਿਆ ਗਿਆ।

ਸ਼ੀਅਰ ਨੇ ਆਖਿਆ ਕਿ ਬਹੁਤੇ ਕੈਨੇਡੀਅਨ ਘਰਾਂ ਵਿੱਚ ਰਹਿ ਕੇ ਤੇ ਭੀੜ ਭਾੜ ਵਾਲੀਆਂ ਥਾਂਵਾਂ ਤੋਂ ਦੂਰ ਰਹਿਣ ਦੇ ਨਾਲ ਨਾਲ ਹਸਪਤਾਲ ਨਾ ਜਾਣ ਤੇ ਕਿਸੇ ਦੀ ਮੌਤ ਉੱਤੇ ਅੰਤਿਮ ਰਸਮਾਂ ਵਿੱਚ ਹਿੱਸਾ ਨਾ ਲੈਣ ਸਬੰਧੀ ਲਾਗੂ ਨਿਯਮਾਂ ਦੀ ਪਾਲਣਾ ਕਰ ਰਹੇ ਹਨ ਤਾਂ ਕਿ ਕੋਵਿਡ-19 ਮਹਾਂਮਾਰੀ ਦਾ ਅਗਾਂਹ ਪਸਾਰ ਨਾ ਹੋਵੇ। ਓਨਟਾਰੀਓ ਵਿੱਚ ਅਜੇ ਵੀ ਵੱਡੇ ਇੱਕਠਾਂ ਖਿਲਾਫ ਨਿਯਮ ਲਾਗੂ ਹੈ। ਪ੍ਰੋਵਿੰਸ ਵਿੱਚ ਲਾਕਡਾਊਨ ਅਜੇ ਪੂਰੀ ਤਰ੍ਹਾਂ ਨਹੀਂ ਖੁਲ੍ਹਿਆ।




ਪਰ ਇਸ ਦੇ ਬਾਵਜੂਦ ਟਰੂਡੋ ਨੇ ਸ਼ੁੱਕਰਵਾਰ ਨੂੰ ਪਾਰਲੀਆਮੈਂਟ ਹਿੱਲ ਉੱਤੇ ਨਸਲਵਾਦ ਵਿਰੋਧੀ ਰੈਲੀ ਵਿੱਚ ਹਿੱਸਾ ਲਿਆ। ਇਸ ਮੁਜ਼ਾਹਰੇ ਵਿੱਚ 4000 ਲੋਕ ਸ਼ਾਮਲ ਸਨ, ਜਿਨ੍ਹਾਂ ਵਿੱਚੋਂ ਕੁੱਝ ਕੁ ਨੇ ਫਿਜ਼ੀਕਲ ਡਿਸਟੈਂਸਿੰਗ ਦਾ ਪਾਲਣ ਕੀਤਾ। ਇੱਥੇ ਦੱਸਣਾ ਬਣਦਾ ਹੈ ਕਿ ਓਨਟਾਰੀਓ ਵਿੱਚ ਅਜੇ ਵੀ ਰੋਜ਼ਾਨਾ ਕੋਵਿਡ-19 ਦੇ ਸੈਂਕੜੇ ਮਾਮਲੇ ਨਿਕਲ ਰਹੇ ਹਨ। ...ਬਾਕੀ ਪੰਨਾ 6 'ਤੇ

# ਟੋਰਾਂਟੋ ਪੁਲਿਸ ਚੀਫ ਮਾਰਕ ਸਾਂਡਰਸ ਵੱਲੋਂ ਅਸਤੀਫਾ ਦੇਣ ਦਾ ਐਲਾਨ



ਟੋਰਾਂਟੋ, 8 ਜੂਨ (ਪੋਸਟ ਬਿਊਰੋ) : ਟੋਰਾਂਟੋ ਪੁਲਿਸ ਚੀਫ ਮਾਰਕ ਸਾਂਡਰਸ ਵੱਲੋਂ ਸੋਮਵਾਰ ਦੁਪਹਿਰ ਨੂੰ ਆਪਣੇ ਅਸਤੀਫੇ ਦਾ ਐਲਾਨ ਕੀਤਾ ਗਿਆ।

ਸਾਂਡਰਸ ਨੇ ਆਖਿਆ ਕਿ ਉਹ 31 ਜੁਲਾਈ ਤੱਕ ਆਪਣਾ ਫਰਜ਼ ਪੂਰਾ ਕਰਨਗੇ। ਇੱਕ ਨਿਊਜ਼ ਕਾਨਫਰੰਸ ਵਿੱਚ ਸਾਂਡਰਸ ਨੇ ਟੋਰਾਂਟੋ ਵਾਸੀਆਂ ਦਾ ਧੰਨਵਾਦ ਕਰਦਿਆਂ ਆਖਿਆ ਕਿ ਆਪਣੇ ਕੰਮ ਨੂੰ ਉਨ੍ਹਾਂ ਪੂਰੀ ਸ਼ਿੱਦਤ ਨਾਲ ਨਿਭਾਇਆ ਤੇ ਦਿਲੋਂ ਪਿਆਰ ਕੀਤਾ। ਸਾਂਡਰਸ ਦਾ ਕਾਂਟਰੈਕਟ 2021 ਵਿੱਚ ਖਤਮ ਹੋਣਾ ਸੀ ਪਰ ਉਨ੍ਹਾਂ ਵੱਲੋਂ ਅੱਠ ਮਹੀਨੇ ਪਹਿਲਾਂ ਹੀ ਇਹ ਅਹੁਦਾ ਛੱਡਿਆ ਜਾ ਰਿਹਾ ਹੈ। ਉਨ੍ਹਾਂ ਆਪਣਾ ਅਹੁਦਾ ਛੱਡਣ ਦਾ ਕਾਰਨ ਨਹੀਂ ਦੱਸਿਆ ਪਰ ਉਨ੍ਹਾਂ ਆਖਿਆ ਕਿ ਉਹ ਟੋਰਾਂਟੋ ਲਈ ਕੁੱਝ ਕੰਮ ਮੁਫਤ ਵਿੱਚ ਕਰਨਾ ਚਾਹੁੰਦੇ ਹਨ।

...ਬਾਕੀ ਪੰਨਾ 6 'ਤੇ

# ਓਨਟਾਰੀਓ ਵਿੱਚ ਸ਼ੁੱਕਰਵਾਰ ਤੋਂ ਸ਼ੁਰੂ ਹੋਣਗੇ ਰੈਸਟੋਰੈਂਟਸ, ਮਾਲਜ਼ ਤੇ ਸੈਲੂਨਜ਼



ਟੋਰਾਂਟੋ, 8 ਜੂਨ (ਪੋਸਟ ਬਿਊਰੋ) : ਟੋਰਾਂਟੋ ਅਤੇ ਕੁੱਝ ਹੋਰਨਾਂ ਇਲਾਕਿਆਂ ਨੂੰ ਛੱਡ ਕੇ ਓਨਟਾਰੀਓ ਦੇ ਬਹੁਤੇ ਹਿੱਸਿਆਂ ਵਿੱਚ ਕਈ ਕਾਰੋਬਾਰ, ਜਿਨ੍ਹਾਂ ਵਿੱਚ ਰੈਸਟੋਰੈਂਟਸ, ਸੈਲੂਨਜ਼ ਤੇ ਮਾਲਜ਼ ਆਦਿ ਸ਼ਾਮਲ ਹਨ, ਸ਼ੁੱਕਰਵਾਰ ਤੋਂ ਖੁੱਲ੍ਹ ਜਾਣਗੇ। ਪ੍ਰੋਵਿੰਸ ਅਰਥਚਾਰੇ ਨੂੰ ਰੀਓਪਨ ਕਰਨ ਦੇ ਦੂਜੇ ਪੜਾਅ ਵਿੱਚ ਦਾਖਲ ਹੋਣ ਜਾ ਰਿਹਾ ਹੈ। ਓਨਟਾਰੀਓ ਦੇ ਪਬਲਿਕ ਹੈਲਥ ਯੂਨਿਟ ਰੀਜਨ ਵਿੱਚੋਂ ਬਹੁਗਿਣਤੀ 12 ਜੂਨ ਤੋਂ ਦੂਜੇ ਪੜਾਅ ਵਿੱਚ ਦਾਖਲ ਹੋਣਗੇ। ...ਬਾਕੀ ਪੰਨਾ 6 'ਤੇ

# ਪੁਲਿਸ ਨੂੰ ਕੈਮਰਿਆਂ ਨਾਲ ਲੈਸ ਕਰਨ ਲਈ ਪ੍ਰੀਮੀਅਰਜ਼ ਨਾਲ ਵਿਚਾਰ ਵਟਾਂਦਰਾ ਕਰਨਗੇ ਟਰੂਡੋ

ਓਟਵਾ, 8 ਜੂਨ (ਪੋਸਟ ਬਿਊਰੋ) : ਪੁਲਿਸ ਉੱਤੇ ਨਸਲਵਾਦ ਤੇ ਜ਼ੁਲਮ ਦੇ ਲੱਗ ਰਹੇ ਦੋਸ਼ਾਂ ਦੇ ਸਬੰਧ ਵਿੱਚ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦਾ ਕਹਿਣਾ ਹੈ ਕਿ ਉਹ ਪ੍ਰੋਵਿੰਸ਼ੀਅਲ ਪ੍ਰੀਮੀਅਰਜ਼ ਉੱਤੇ ਇਹ ਯਕੀਨੀ ਬਣਾਉਣ ਲਈ ਦਬਾਅ ਪਾਉਣਗੇ ਕਿ ਉਹ ਆਪਣੇ ਪੁਲਿਸ ਅਧਿਕਾਰੀਆਂ ਨੂੰ ਸਰੀਰ ਉੱਤੇ ਲਾਏ ਜਾਣ ਵਾਲੇ ਕੈਮਰਿਆਂ ਨਾਲ ਲੈਸ ਕਰਨ।

ਇਹ ਕੈਮਰੇ ਪੁਲਿਸ ਅਧਿਕਾਰੀਆਂ ਦੀ ਜਨਤਾ ਨਾਲ ਹੋਣ ਵਾਲੀ ਗੱਲਬਾਤ ਨੂੰ ਸਿੱਧੇ ਤੌਰ ਉੱਤੇ ਰਿਕਾਰਡ ਕਰ ਸਕਦੇ ਹਨ। ਟਰੂਡੋ ਨੇ ਆਖਿਆ ਕਿ ਪੁਲਿਸ ਵੱਲੋਂ ਲੋਕਾਂ ਨਾਲ ਨਸਲੀ ਵਿਤਕਰਾ ਕੀਤੇ ਜਾਣ ਦੇ ਮਾਮਲੇ ਨਾਲ ਨਜਿੱਠਣ ਦਾ ਇਸ ਤੋਂ ਵਧੀਆ ਤਰੀਕਾ ਹੋਰ ਕੋਈ ਨਹੀਂ ਹੋ ਸਕਦਾ। ਉਨ੍ਹਾਂ ਅੱਗੇ ਆਖਿਆ ਕਿ ਸਦੀਆਂ ਤੋਂ ਚੱਲੀ



ਆ ਰਹੀ ਨਸਲੀ ਬੇਇਨਸਾਫੀ ਰਾਤੋਂ ਰਾਤ ਖਤਮ ਨਹੀਂ ਹੋ ਸਕਦੀ ਪਰ ਤਾਜ਼ਾ ਮੁਜ਼ਾਹਰਿਆਂ ਨੇ ਉਨ੍ਹਾਂ ਨੂੰ ਦਰਸਾ ਦਿੱਤਾ ਹੈ ਕਿ ਜਲਦ ਹੀ ਕਾਫੀ ਕੁੱਝ ਕੀਤੇ ਜਾਣ ਦੀ ਲੋੜ ਹੈ।

ਉਨ੍ਹਾਂ ਆਖਿਆ ਕਿ ਕੈਮਰੇ ਵਾਲਾ ਬਦਲ ਇਸ ਸਮੇਂ ਬਿਹਤਰ ਤਰੀਕਾ ਹੈ ਤੇ ਸਾਨੂੰ ਇਸ ਪਾਸੇ ਤੇਜ਼ੀ ਨਾਲ ਕੰਮ ਕਰਨਾ ਚਾਹੀਦਾ ਹੈ। ਟਰੂਡੋ ਨੇ ਆਖਿਆ ਕਿ ਉਨ੍ਹਾਂ ਨੇ ਇਹ ਮੁੱਦਾ ਆਰਸੀਐਮਪੀ ਕਮਿਸ਼ਨਰ ਬ੍ਰੈਂਡਾ ਲੱਕੀ ਨਾਲ ਵਿਚਾਰਿਆ ਸੀ। ਉਹ ਇਸ ਹਫਤੇ ਦੇ ਅੰਤ ਤੱਕ ਸਾਰੇ ਪ੍ਰੀਮੀਅਰਜ਼ ਨਾਲ ਵੀ ਇਸ ਨੂੰ ਵਿਚਾਰਨਗੇ।


Best Insurance Rates
▪Auto ▪Home ▪Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Address: 1550 South Gateway Rd. Suite 220 Mississauga, ON L4W 5G6

NOW HIRING !!! ALLKIND INSURANCE
•Life Insurance •Super Visa Insurance
•Critical illness Ins •Mortgage Insurance
•Travel & Visitor Ins •Disability Insurance
•RESP & TFSA & RRSP •Funeral Insurance
SIMRAN SAINI 416.994.7272
www.allkindinsurance.com

INSURANCE
○Home ○Auto
○Business ○Trucking
○Life Insurance ○Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel Insurance
(416-845-1352)
Manwinder Mangat Broker
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

HELPING YOU PLAN TODAY...FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
www.ufsinsurance.com
JATINDERBIR S BAJWA Insurance Broker
Dir:647-928-4990
# 25-831 Bovaird Dr. W. Brampton, ON L6X0T9 | www.ufsinsurance.com

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

HSBA Tax Services
20% Discount For Students, New Immigrants and Senior Citizens
➢ Personal / Corporation Tax
➢ Accounting / Bookkeeping
➢ Business Registrations
➢ HST/WSIB/Payroll
➢ Financial Statements/Audits
➢ Mortgages and Loans
647-720-5278
PRABHJOT KAUR (Sr. Accountant, M.B.A)
77-100 Maritime Ontario Blvd.,Brampton, ON L6S 0E7

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜ਼ਰੂਰ ਕਰੋ
ਗੋਇਲ ਟਰੈਵਲ
Tico # 50021780 905.796.0000
900 Raylawson Blvd. Unit # 6, Brampton

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
Avon Financial Inc. Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

DHINDSA LAW
Barrister, Solicitor & Notary Public
www.dhindsalaw.ca
- Criminal and Family Law
- Immigration
- Real Estate
- Wills, Affidavits & Notarizations
Special Discount For Student & Senior Citizens
NAVDEEP DHINDSA B-Tech/ LLB
LOCATIONS: 10510 Torbram Rd Unit-J1, Brampton L6R 3N9 (Torbram & Sandalwood)
Call: 437 998 1429
330 Highway 7 E, Suite 309, Richmond Hill- L4B 3P8

Law Office of Aman Sharma
-Real Estate -Commercial Lease
-Business Purchase & Sale
-Notarizations & Affidavits
-Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma Open Saturday
Providing excellent quality legal services to our clients

ਨਵਾਂ ਘਾਹ ਲਵਾਉ 647-784-1213
www.aaalandscaping.ca
1 ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2 ਏਰੀਆ ਨੂੰ ਲੈਵਲ ਕਰਨਾ ਅਤੇ ਮਿੱਟੀ ਰਲਾਉਣੀ
3 ਨਵਾਂ ਘਾਹ ਲਵਾਉ
4 ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

•Super Visa Insurance
•Visitor Visa Insurance
•Travel Insurance
•Student Insurance
•New Immigrant 90 Days Med. Insurance
Punjab Insurance Inc
www.punjabinsurance.com
Sherjang Singh Rana 416.910.9000 rana@punjabinsurance.ca
10-7003 Steeles Ave. West, Etobicoke, ON M9W 0A2
Harpreet Rana 416.871.3571 harpreetrana@punjabinsurance.ca

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾਂ ਦਾ ਲਾਭ ਉਠਾਓ
• Custom Kitchen Cabinets • Completly Furnished
• Legal Basement • Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

KELLEY LAW OFFICE
Immigration Real Estate
Family Law Business Closing
Corporate Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜ਼ਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟਾਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley 905-362-0755

ਕੀ ਤੁਸੀਂ ਕਿਰੜੇ-ਮਕੌੜਿਆਂ ਤੋਂ ਪਰੇਸ਼ਾਨ ਹੋ?
MICE, COCKROACH, BEDBUG & ALL COMMON BUGS
All Pest Control AFFORDABLE & RELIABLE PEST CONTROL SERVICES
ਅੱਜ ਹੀ ਕਾਲ ਕਰੋ
KSG Pest Control Inc. Residential, Commercial www.ksgpestcontrol.ca ksgpestcontrol@gmail.com
Amarjeet Singh Gill Certified & Licenced Exterminator 647.990.3205

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333 www.mannlawfirm.ca

Royal Pest Control
Residential Commercial Industrial
Specialist in Bedbugs Service
All Pest Control :
•Mouse & Rats •Spiders & Fleas •Bedbugs •Wasps
•Cockroaches •Carpenter Ants •Silver Fish •Racoons
Call : PARESH PATEL (Government Approved Licensed Technician)
416 938 4598







**FRESH & LARGE VARIETY**

**Bread , Derry & Eggs**
**Branded Foods**
**Fruits & Vegetables**
**Beverages & Confectionery**
**Grocery & Staples**
**Sweet & Samosas**

**SERVING FROM ALL LOCATIONS IN GTA AREA:**

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017

# ਪੁਲਿਸ ਨੂੰ ਫੰਡ ਦੇਣੇ ਬੰਦ ਕਰਨ ਦੀ ਮੰਗ ਕੈਨੇਡਾ ਵਿੱਚ ਹਾਸਲ ਕਰ ਰਹੀ ਹੈ ਮਕਬੂਲੀਅਤ




ਟੋਰਾਂਟੋ, 8 ਜੂਨ (ਪੋਸਟ ਬਿਊਰੋ) : ਦਹਾਕਿਆਂ ਤੋਂ ਚੱਲੀ ਆ ਰਹੀ ਪੁਲਿਸ ਸੁਧਾਰਾਂ ਦੀ ਮੰਗ ਅਸਫਲ ਰਹਿਣ ਤੋਂ ਬਾਅਦ ਨਸਲਵਾਦ ਦਾ ਵਿਰੋਧ ਕਰ ਰਹੇ ਕੈਨੇਡੀਅਨ ਮੁਜ਼ਾਹਰਾਕਾਰੀਆਂ ਨੇ ਹੁਣ ਪੁਲਿਸ ਨੂੰ ਫੰਡ ਦੇਣੇ ਬੰਦ ਕਰਨ ਦੀ ਮੰਗ ਕਰਨੀ ਸ਼ੁਰੂ ਕੀਤੀ ਹੈ।

ਸਮਾਜ ਸੇਵਕਾਂ ਦਾ ਵੀ ਇਹੋ ਕਹਿਣਾ ਹੈ ਕਿ ਜੇ ਅਸੀਂ ਇਸ ਮਾਮਲੇ ਵਿੱਚ ਤਬਦੀਲੀ ਲੈ ਕੇ ਆਉਣੀ ਚਾਹੁੰਦੇ ਹਾਂ ਤਾਂ ਦੇਸ਼ ਦੀ ਪੁਲਿਸ ਨੂੰ ਮੁਹੱਈਆ ਕਰਵਾਏ ਜਾਣ ਵਾਲੇ ਫੰਡ ਨੂੰ ਖਤਮ ਕਰਨਾ ਹੋਵੇਗਾ। ਇਸ ਨਾਲ ਪੁਲਿਸ ਦੀ ਸ਼ਮੂਲੀਅਤ ਵਾਲੀਆ ਮੌਤਾਂ, ਜਿਵੇਂ ਕਿ ਮਿਨੀਸੋਟਾ ਦੇ ਵਿਅਕਤੀ ਜਾਰਜ ਫਲੌਇਡ ਤੇ ਟੋਰਾਂਟੋ ਦੀ ਮਹਿਲਾ ਰੇਜਿਸ ਕੋਰਚਿੰਸਕੀ ਪੈਕੁਏ, ਦੇ ਅੰਕੜੇ ਵਿੱਚ ਕਮੀ ਆਵੇਗੀ।

ਸਟੈਟੇਸਟਿਕਸ ਕੈਨੇਡਾ ਅਨੁਸਾਰ 2017-18 ਵਿੱਚ ਕੈਨੇਡਾ ਵਿੱਚ ਪੁਲਿਸ ਵਿਭਾਗ ਉੱਤੇ 15 ਬਿਲੀਅਨ ਡਾਲਰ ਤੋਂ ਵੀ ਵੱਧ ਖਰਚ ਕੀਤੇ ਗਏ। ਇਹ ਅੰਕੜਾ ਇੱਕ ਸਾਲ ਪਹਿਲਾਂ ਨਾਲੋਂ ਵੀ ਜ਼ਿਆਦਾ ਸੀ। ਕੈਨੇਡਾ ਦੇ ਕੁੱਝ ਹਿੱਸਿਆਂ ਵਿੱਚ ਪੁਲਿਸ ਨੂੰ ਫੰਡ ਦੇਣੇ ਬੰਦ ਕਰਨ ਦੀ ਮੰਗ ਮਕਬੂਲੀਅਤ ਹਾਸਲ ਕਰਦੀ ਜਾ ਰਹੀ ਹੈ। ਟੋਰਾਂਟੋ ਵਿੱਚ, ਜਿੱਥੇ ਹਰ ਵਿਅਕਤੀ ਦੇ ਪ੍ਰਾਪਰਟੀ ਟੈਕਸ ਦਾ ਲੱਗਭਗ ਇੱਕ ਚੌਥਾਈ ਹਿੱਸਾ ਪੁਲਿਸ ਫੰਡ ਲਈ ਜਾਂਦਾ ਹੈ, ਦੋ ਸਿਟੀ ਕਾਊਂਸਲਰਜ਼ ਨੇ ਸੋਮਵਾਰ ਨੂੰ ਸਿਟੀ ਪੁਲਿਸ ਦੇ ਬਜਟ ਵਿੱਚ 10 ਫੀ ਸਦੀ ਕਟੌਤੀ ਕਰਨ ਲਈ ਮਤਾ ਪੇਸ਼ ਕੀਤਾ।

ਇੱਥੇ ਹੀ ਬੱਸ ਨਹੀਂ ਦੇਸ਼ ਦੇ ਹੋਰਨਾਂ ਹਿੱਸਿਆਂ ਵਿੱਚ, ਜਿਵੇਂ ਸਸਕੈਚਵਨ ਤੋਂ ਓਨਟਾਰੀਓ ਤੱਕ, ਵੀ ਹਜ਼ਾਰਾਂ ਦੀ ਗਿਣਤੀ ਵਿੱਚ ਲੋਕਾਂ ਨੇ ਪੁਲਿਸ ਨੂੰ ਦਿੱਤੇ ਜਾਣ ਵਾਲੇ ਫੰਡਾਂ ਨੂੰ ਬੰਦ ਕਰਨ ਦੇ ਸਬੰਧ ਵਿੱਚ ਪਟੀਸਨਾਂ ਉੱਤੇ ਸਾਈਨ ਕੀਤੇ। ਆਰਸੀਐਮਪੀ ਦੇ ਫੰਡਾਂ ਵਿੱਚ ਕਟੌਤੀ ਬਾਰੇ ਜਦੋਂ ਪ੍ਰਧਾਨ ਮੰਤਰੀ ਤੋਂ ਉਨ੍ਹਾਂ ਦੀ ਰਾਇ ਪੁੱਛੀ ਗਈ ਤਾਂ ਉਹ ਵੀ ਦੇਸ਼ ਵਿੱਚ ਬਣ ਰਹੀ ਇਸ ਹਵਾ ਤੋਂ ਇਨਕਾਰ ਨਹੀਂ ਕਰ ਸਕੇ। ਟਰੂਡੋ ਨੇ ਆਖਿਆ ਕਿ ਦੇਸ਼ ਨੂੰ ਬਿਹਤਰ ਬਣਾਉਣ ਲਈ ਕਈ ਰਾਹ ਹਨ ਤੇ ਸਾਨੂੰ ਇਨ੍ਹਾਂ ਬਾਰੇ ਹੋਰ ਗੰਭੀਰਤਾ ਨਾਲ ਸੋਚ ਵਿਚਾਰ ਕਰਨ ਦੀ ਲੋੜ ਹੈ।

# ਓਨਟਾਰੀਓ ਵਿੱਚ ਗੋਲੀਕਾਂਡ ਨੂੰ ਅੰਜਾਮ ਦੇਣ ਵਾਲਾ ਮਸ਼ਕੂਕ ਗ੍ਰਿਫਤਾਰ






ਓਟਵਾ, 8 ਜੂਨ (ਪੋਸਟ ਬਿਊਰੋ) : ਓਪੀਪੀ ਵੱਲੋਂ ਕਿੰਗਸਟ ਦੇ ਉੱਤਰ ਵੱਲ ਸਥਿਤ ਪਰਹਾਮ ਪਿੰਡ ਵਿੱਚ ਹੋਈ ਸ਼ੂਟਿੰਗ ਤੇ ਅਗਜ਼ਨੀ ਦੀ ਇੱਕ ਘਟਨਾ ਦੇ ਸਬੰਧ ਵਿੱਚ ਸੈਂਟਰਲ ਫਰੌਂਟੈਨੇਕ ਟਾਊਨਸ਼ਿਪ ਦੇ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਗਿਆ ਹੈ।

42 ਸਾਲਾ ਬ੍ਰਾਇਨ ਡੈਨੀਅਲ ਮੌਸਰ ਨਾਂ ਦੇ ਵਿਅਕਤੀ ਨੂੰ ਐਤਵਾਰ ਨੂੰ ਸਵੇਰੇ 7:30 ਵਜੇ ਗ੍ਰਿਫਤਾਰ ਕੀਤਾ ਗਿਆ। ਐਤਵਾਰ ਰਾਤ ਨੂੰ ਪਰਹਾਮ ਦੇ ਇੱਕ ਵਿਅਕਤੀ ਨੂੰ ਗੋਲੀ ਮਾਰੇ ਜਾਣ ਤੋਂ ਬਾਅਦ ਹੀ ਮਸ਼ਕੂਕ ਦੀ ਭਾਲ ਦਾ ਕੰਮ ਸ਼ੁਰੂ ਕਰ ਦਿੱਤਾ ਗਿਆ ਸੀ। ਫਰੌਂਟੈਨੇਕ ਦੇ ਮੇਅਰ ਫਰਾਂਸਿਜ਼ ਸਮਿੱਥ ਨੇ ਆਖਿਆ ਕਿ ਇਸ ਘਟਨਾ ਦਾ ਸ਼ਿਕਾਰ ਹੋਇਆ ਵਿਅਕਤੀ ਉੱਥੇ ਹੀ ਰਹਿਣ ਵਾਲਾ ਸੀ। ਉਸ ਨੇ ਰਾਤੀਂ 8:30 ਵਜੇ ਇੱਕ ਪਾਸੇ ਤੋਂ ਧੂੰਆਂ ਆਉਂਦਾ ਵੇਖਿਆ ਤੇ ਉਹ ਉਸ ਪਾਸੇ ਤੁਰ ਪਿਆ, ਉਸ ਨੂੰ ਇਹ ਲੱਗ ਰਿਹਾ ਸੀ ਕਿ ਇਹ ਧੂੰਆਂ ਸੇਂਟ ਜੇਮਜ਼ ਐਂਗਲੀਕਨ ਚਰਚ ਤੋਂ ਆ ਰਿਹਾ ਸੀ।

ਸ਼ੂਟਿੰਗ ਤੋਂ ਬਾਅਦ ਇਲਾਕੇ ਦੇ ਕੁੱਝ ਘਰਾਂ ਨੂੰ ਖਾਲੀ ਕਰਵਾ ਲਿਆ ਗਿਆ। ਸਮਿਥ ਨੇ ਆਖਿਆ ਕਿ ਅੱਗ ਕਾਰਨ ਕਾਫੀ ਨੁਕਸਾਨ ਹੋਇਆ ਤੇ ਅੱਗ ਇੱਕ ਘਰ ਤੋਂ ਲੈ ਕੇ 133 ਸਾਲ ਪੁਰਾਣੇ ਚਰਚ ਤੱਕ ਫੈਲ ਗਈ। ਘਰ ਤੇ ਚਰਚ ਦੋਵੇਂ ਹੀ ਤਬਾਹ ਹੋ ਗਏ। ਜ਼ਖ਼ਮੀ ਵਿਅਕਤੀ ਨੂੰ ਹਸਪਤਾਲ ਲਿਜਾਇਆ ਗਿਆ ਪਰ ਉਸ ਦੀ ਹਾਲਤ ਖਤਰੇ ਤੋਂ ਬਾਹਰ ਦੱਸੀ ਜਾਂਦੀ ਹੈ। ਪੁਲਿਸ ਨੇ ਦੱਸਿਆ ਕਿ ਮੋਸਰ ਨੂੰ ਹਾਰਟਿੰਗਟਨ ਏਰੀਆ ਵਿੱਚੋਂ ਗ੍ਰਿਫਤਾਰ ਕੀਤਾ ਗਿਆ ਪਰ ਅਜੇ ਕੋਈ ਚਾਰਜਿਜ਼ ਦਰਜ ਨਹੀਂ ਕੀਤੇ ਗਏ ਹਨ। ਪੁਲਿਸ ਵੱਲੋਂ ਅਜੇ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

# ਨਸਲਵਾਦ ਦੇ ਦੋਸ਼ਾਂ ਤੋਂ ਬਾਅਦ ਪੀਲ ਸਕੂਲ ਬੋਰਡ ਵਿੱਚ ਤਬਦੀਲੀਆਂ ਲਈ ਵਚਨਬੱਧ ਹਾਂ : ਲਿਚੇ



ਟੋਰਾਂਟੋ, 8 ਜੂਨ (ਪੋਸਟ ਬਿਊਰੋ) : ਓਨਟਾਰੀਓ ਦੇ ਸਿੱਖਿਆ ਮੰਤਰੀ ਦਾ ਕਹਿਣਾ ਹੈ ਕਿ ਟੋਰਾਂਟੋ ਏਰੀਆ ਸਕੂਲ ਬੋਰਡ ਉੱਤੇ ਨਸਲਵਾਦ ਦੇ ਲੱਗ ਰਹੇ ਦੋਸ਼ਾਂ ਬਾਰੇ ਜੇ ਆਰਗੇਨਾਈਜ਼ੇਸ਼ਨ ਨੇ ਆਪ ਕੋਈ ਐਕਸ਼ਨ ਨਾ ਲਿਆ ਤਾਂ ਉਹ ਆਪ ਇਸ ਮਾਮਲੇ ਵਿੱਚ ਤਬਦੀਲੀਆਂ ਕਰਨ ਲਈ ਤਿਆਰ ਹਨ।

ਪੀਲ ਡਿਸਟ੍ਰਿਕਟ ਸਕੂਲ ਬੋਰਡ, ਜਿੱਥੇ ਵੱਖ ਵੱਖ ਨਸਲੀ ਪਿਛੋਕੜ ਦੇ ਵਿਦਿਆਰਥੀ ਪੜ੍ਹਾਈ ਕਰਦੇ ਹਨ, ਬਾਰੇ ਪਿੱਛੇ ਜਿਹੇ ਮੁਕੰਮਲ ਹੋਈ ਰਿਪੋਰਟ ਵਿੱਚ ਸਿੱਖਿਆ ਮੰਤਰੀ ਸਟੀਫਨ ਲਿਚੇ ਨੇ ਆਖਿਆ ਕਿ ਨਸਲਵਾਦ ਬਾਰੇ ਕੁੱਝ ਠੋਸ ਕਰਨ ਵਿੱਚ ਆਰਗੇਨਾਈਜ਼ੇਸ਼ਨ ਦੀ ਕੋਈ ਦਿਲਚਸਪੀ ਨਹੀਂ ਲੱਗਦੀ। ਇਹ ਰਿਪੋਰਟ ਹਿਊਮਨ ਰਾਈਟਸ ਐਡਵੋਕੇਟ ਆਰਲੀਨ ਹਿਗਿੰਨਜ਼ ਵੱਲੋਂ ਤਿਆਰ ਕੀਤੀ ਗਈ ਹੈ, ਇਸ ਵਿੱਚ ਆਖਿਆ ਗਿਆ ਹੈ ਕਿ ਸਕੂਲ ਬੋਰਡ ਵਿੱਚ ਐਂਟੀ ਬਲੈਕ ਰੇਸਿਜ਼ਮ ਮੌਜੂਦ ਹੈ।

ਇਸ ਮਾਮਲੇ ਨੂੰ ਹੱਲ ਕਰਨ ਲਈ ਲਿਚੇ ਵੱਲੋਂ 27 ਆਰਡਰਜ਼ ਦਿੱਤੇ ਗਏ ਤੇ ਹਿਗਿੰਨਜ਼ ਨੂੰ ਇਹ ਯਕੀਨੀ ਬਣਾਉਣ ਲਈ ਆਖਿਆ ਗਿਆ ਕਿ ਉਹ ਪ੍ਰਭਾਵਿਤ ਕਮਿਊਨਿਟੀਜ਼ ਨਾਲ ਵਿਚਾਰ ਵਟਾਂਦਰੇ ਤੋਂ ਬਾਅਦ ਐਂਟੀ ਰੇਸਿਜ਼ਮ ਪਾਲਿਸੀ ਲੈ ਕੇ ਆਉਣ। ਇਸ ਦੌਰਾਨ ਸਕੂਲ ਬੋਰਡ ਵੱਲੋਂ ਜਾਰੀ ਬਿਆਨ ਵਿੱਚ ਆਖਿਆ ਗਿਆ ਕਿ ਐਂਟੀ ਬਲੈਕ ਰੇਸਿਜ਼ਮ ਨਾਲ ਨਜਿੱਠਣ ਲਈ ਉਹ ਪੂਰੀ ਤਰ੍ਹਾਂ ਵਚਨਬੱਧ ਹੈ। ਬੋਰਡ ਨੇ ਇਹ ਵੀ ਆਖਿਆ ਕਿ ਹਿਗਿੰਨਜ਼ ਦੀਆਂ ਲੱਭਤਾਂ ਦੇ ਸਬੰਧ ਵਿੱਚ ਲਿਚੇ ਵੱਲੋਂ 22 ਜੂਨ ਤੱਕ ਮੰਗੀ ਗਈ ਯੋਜਨਾ ਮੁਹੱਈਆ ਕਰਵਾਉਣ ਲਈ ਉਹ ਪੂਰਾ ਜ਼ੋਰ ਲਾਵੇਗਾ। ਲਿਚੇ ਨੇ ਆਖਿਆ ਕਿ ਰਿਪੋਰਟ ਵਿੱਚ ਸਪਸ਼ਟ ਹੈ ਕਿ ਪੀਲ ਬੋਰਡ ਨੂੰ ਅਸਲ ਤਬਦੀਲੀਆਂ ਦੀ ਸੱਚੀ ਮਾਇਨਿਆਂ ਵਿੱਚ ਲੋੜ ਹੈ।

## ਪਿੱਕ ਅੱਪ ਟਰੱਕ ਵੱਲੋਂ ਟੱਕਰ ਮਾਰੇ ਜਾਣ ਕਾਰਨ 11 ਸਾਲਾ ਲੜਕੇ ਦੀ ਹੋਈ ਮੌਤ



ਐਂਗਸ, ਓਨਟਾਰੀਓ, 8 ਜੂਨ (ਪੋਸਟ ਬਿਊਰੋ) : ਬੈਰੀ, ਓਨਟਾਰੀਓ ਦੇ ਪੱਛਮ ਵੱਲ ਇੱਕ 11 ਸਾਲਾ ਲੜਕੇ ਨੂੰ ਉਸ ਸਮੇਂ ਪਿੱਕ ਅੱਪ ਟਰੱਕ ਨੇ ਟੱਕਰ ਮਾਰ ਦਿੱਤੀ ਜਦੋਂ ਉਹ ਸਾਈਕਲ ਚਲਾ ਰਿਹਾ ਸੀ।

ਪੁਲਿਸ ਨੇ ਕੱਲ੍ਹ ਦੱਸਿਆ ਕਿ ਬੀਤੇ ਦਿਨੀਂ ਇਸ ਲੜਕੇ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਪਰ ਜ਼ਖ਼ਮਾਂ ਦੀ ਤਾਬ ਨਾ ਸਹਾਰਦਿਆਂ ਹੋਇਆਂ ਉਹ ਦਮ ਤੋੜ ਗਿਆ। ਉਨ੍ਹਾਂ ਦੱਸਿਆ ਕਿ ਹਾਦਸਾ ਵੀਰਵਾਰ ਨੂੰ ਰਾਤੀਂ 8:30 ਵਜੇ ਐਂਗਸ, ਓਨਟਾਰੀਓ ਵਿੱਚ ਵਾਪਰਿਆ।

ਇਸ ਲੜਕੇ ਨੂੰ ਹੈਲੀਕਾਪਟਰ ਰਾਹੀਂ ਟੋਰਾਂਟੋ ਸਥਿਤ ਹਸਪਤਾਲ ਵਿੱਚ ਲਿਜਾਇਆ ਗਿਆ ਜਿੱਥੇ ਅਖੀਰ ਉਸ ਦੀ ਮੌਤ ਹੋ ਗਈ। ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ।

# ਟੋਰਾਂਟੋ ਵਿੱਚ ਡੇਅਕੇਅਰ ਸੈਂਟਰ ਚਲਾਉਣ ਵਾਲੇ ਪਤੀ ਪਤਨੀ ਨੂੰ ਕੀਤਾ ਗਿਆ ਚਾਰਜ



ਟੋਰਾਂਟੋ, 8 ਜੂਨ (ਪੋਸਟ ਬਿਊਰੋ) : ਟੋਰਾਂਟੋ ਵਿੱਚ ਡੇਅਕੇਅਰ ਸੈਂਟਰ ਚਲਾਉਣ ਵਾਲੇ ਪਤੀ ਪਤਨੀ ਨੂੰ ਦੋ ਲੜਕੀਆਂ ਉੱਤੇ ਜਿਨਸੀ ਹਮਲਾ ਕਰਨ ਦੇ ਮਾਮਲੇ ਵਿੱਚ ਚਾਰਜ ਕੀਤਾ ਗਿਆ ਹੈ।

ਟੋਰਾਂਟੋ ਪੁਲਿਸ ਸਰਵਿਸ ਅਨੁਸਾਰ ਇਹ ਪਤੀ ਪਤਨੀ ਪਿਛਲੇ 30 ਸਾਲਾਂ ਤੋਂ ਕੈਲੇਡੋਨੀਆ ਪਾਰਕ ਰੋਡ ਤੇ ਡੇਵਨਪੋਰਟ ਰੋਡ ਨੇੜੇ ਡੇਅ ਕੇਅਰ ਸੈਂਟਰ ਚਲਾ ਰਹੇ ਹਨ। ਜਾਂਚਕਾਰਾਂ ਵੱਲੋਂ ਲਾਏ ਗਏ ਦੋਸ਼ ਅਨੁਸਾਰ ਸਾਲ 2017 ਤੇ 2020 ਦਰਮਿਆਨ 63 ਸਾਲਾ ਇਸ ਵਿਅਕਤੀ ਨੇ ਕਈ ਮੌਕਿਆਂ ਉੱਤੇ ਨੌਂ ਸਾਲਾ ਬੱਚੀ ਉੱਤੇ ਜਿਨਸੀ ਹਮਲਾ ਕੀਤਾ। ਇਸੇ ਵਿਅਕਤੀ ਨੇ 2016 ਤੇ 2020 ਦਰਮਿਆਨ ਹੁਣ 11 ਸਾਲਾਂ ਦੀ ਹੋ ਚੁੱਕੀ ਬੱਚੀ ਉੱਤੇ ਵੀ ਕਥਿਤ ਤੌਰ ਉੱਤੇ ਜਿਨਸੀ ਹਮਲਾ ਕੀਤਾ।

ਸੋਮਵਾਰ ਨੂੰ ਜਾਰੀ ਕੀਤੀ ਗਈ ਰਲੀਜ਼ ਵਿੱਚ ਪੁਲਿਸ ਨੇ ਆਖਿਆ ਕਿ ਇਸ ਵਿਅਕਤੀ ਦੀ ਪਤਨੀ ਨੂੰ ਇਹ ਪਤਾ ਸੀ ਕਿ ਉਸ ਦਾ ਪਤੀ ਬੱਚੀਆਂ ਉੱਤੇ ਜਿਨਸੀ ਹਮਲਾ ਕਰ ਰਿਹਾ ਹੈ। ਪ੍ਰਾਈਮਰੀ ਬੇਬੀਸਿਟਰ ਹੋਣ ਨਾਤੇ ਇਹ ਔਰਤ ਬੱਚੀਆਂ ਦੀ ਇੰਚਾਰਜ ਸੀ, ਪਰ ਉਸ ਨੇ ਉਨ੍ਹਾਂ ਬੱਚੀਆਂ ਦੀ ਰਾਖੀ ਨੂੰ ਅੱਖੋਂ ਪਰੋਖੇ ਕਰਦਿਆਂ ਇਸ ਤਰ੍ਹਾਂ ਬੱਚੀਆਂ ਦੇ ਹੋ ਰਹੇ ਸ਼ੋਸ਼ਣ ਬਾਰੇ ਕੋਈ ਰਿਪੋਰਟ ਨਹੀਂ ਕੀਤੀ ਤੇ ਬੱਚੀਆਂ ਦੀ ਸਿਹਤ ਨੂੰ ਖਤਰੇ ਵਿੱਚ ਪਾਇਆ।

ਮਸ਼ਕੂਕ ਦੀ ਪਛਾਣ ਟੋਰਾਂਟੋ ਵਾਸੀ ਜੋਸ ਡਾਇਸ ਵਜੋਂ ਹੋਈ ਹੈ। ਉਸ ਨੂੰ 29 ਮਈ ਨੂੰ ਹਿਰਾਸਤ ਵਿੱਚ ਲਿਆ ਗਿਆ ਤੇ ਉਸ ਉੱਤੇ ਜਿਨਸੀ ਦਖਲਅੰਦਾਜ਼ੀ, ਜਿਨਸੀ ਛੇੜਛਾੜ ਤੇ ਜਿਨਸੀ ਹਮਲੇ ਦੇ ਚਾਰਜ ਲਾਏ ਗਏ। ਇਨ੍ਹਾਂ ਤਿੰਨਾਂ ਮਾਮਲਿਆਂ ਵਿੱਚ ਉਸ ਨੂੰ 3 ਜੂਨ ਨੂੰ ਵੀ ਮੁੜ ਚਾਰਜ ਕੀਤਾ ਗਿਆ। ਦੂਜੀ ਬੱਚੀ ਵੱਲੋਂ ਲਾਏ ਦੋਸ਼ਾਂ ਤੋਂ ਬਾਅਦ 16 ਸਾਲ ਤੋਂ ਘੱਟ ਉਮਰ ਦੇ ਵਿਅਕਤੀ ਨੂੰ ਅਸ਼ਲੀਲ ਸਮੱਗਰੀ ਮੁਹੱਈਆ ਕਰਵਾਏ ਜਾਣ ਦਾ ਦੋਸ਼ ਵੀ ਇਸ ਵਿਅਕਤੀ ਉੱਤੇ ਲੱਗਿਆ। ਉਸ ਨੂੰ 21 ਅਗਸਤ ਨੂੰ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ।

ਉਸ ਦੀ 60 ਸਾਲਾ ਪਤਨੀ ਮੈਰੀ ਅਲਿਸ ਕਰੂਜ਼ ਨੂੰ ਵੀ 4 ਜੂਨ ਨੂੰ ਹਿਰਾਸਤ ਵਿਚ ਲੈ ਲਿਆ ਗਿਆ ਤੇ ਉਸ ਉੱਤੇ ਜ਼ਿੰਦਗੀ ਦੀਆਂ ਸਹੂਲਤਾਂ ਮੁਹੱਈਆ ਨਾ ਕਰਵਾਉਣ ਤੇ ਜਿਸ ਬੱਚੇ ਨੂੰ ਪ੍ਰੋਟੈਕਸ਼ਨ ਦੀ ਲੋੜ ਸੀ ਉਸ ਬਾਰੇ ਰਿਪੋਰਟ ਨਾ ਕਰਨ ਦੇ ਚਾਰਜ ਲਾਏ ਗਏ ਹਨ। ਉਸ ਨੂੰ 13 ਅਗਸਤ ਨੂੰ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ।

# ਅਰਥਚਾਰੇ ਦੀ ਰੀਓਪਨਿੰਗ ਦੇ ਦੂਜੇ ਪੜਾਅ ਬਾਰੇ ਫੋਰਡ ਸਰਕਾਰ ਇਸ ਹਫਤੇ ਕਰੇਗੀ ਖੁਲਾਸਾ



ਓਨਟਾਰੀਓ, 8 ਜੂਨ (ਪੋਸਟ ਬਿਊਰੋ) : ਪ੍ਰੋਵਿੰਸ ਦੇ ਅਰਥਚਾਰੇ ਦੀ ਰੀਓਪਨਿੰਗ ਦੇ ਦੂਜੇ ਪੜਾਅ ਬਾਰੇ ਓਨਟਾਰੀਓ ਵਾਸੀਆਂ ਨੂੰ ਇਸ ਹਫਤੇ ਪਤਾ ਲੱਗ ਜਾਵੇਗਾ। ਪ੍ਰੋਵਿੰਸ ਵੱਲੋਂ ਐਮਰਜੰਸੀ ਆਰਡਰਜ਼ ਵਿੱਚ ਵੀ ਵਾਧਾ ਕੀਤਾ ਜਾ ਚੁੱਕਿਆ ਹੈ ਤੇ ਰੋਜ਼ਾਨਾ ਕੋਵਿਡ-19 ਦੇ ਸੈਂਕੜੇ ਮਾਮਲੇ ਵੀ ਸਾਹਮਣੇ ਆ ਰਹੇ ਹਨ।

ਇਹ ਮੰਨਿਆ ਜਾ ਰਿਹਾ ਹੈ ਕਿ ਅਰਥਚਾਰੇ ਦੀ ਰੀਓਪਨਿੰਗ ਦੇ ਦੂਜੇ ਪੜਾਅ ਵਿੱਚ ਕਾਰੋਬਾਰ ਤੇ ਕੰਮ ਵਾਲੀਆਂ ਥਾਂਵਾਂ ਖੁੱਲ੍ਹ ਜਾਣਗੀਆਂ। ਇਹ ਵੀ ਸਪਸ਼ਟ ਹੋ ਜਾਵੇਗਾ ਕਿ ਇਸ ਦੌਰਾਨ ਕਿਹੜੀਆਂ ਸ਼ਰਤਾਂ ਦਾ ਪਾਲਣ ਕਰਨਾ ਹੋਵੇਗਾ। ਪਰ ਹਾਲ ਦੀ ਘੜੀ ਕਿਸੇ ਤਰ੍ਹਾਂ ਦੀ ਸਮਾਂ ਸੀਮਾ ਦਾ ਐਲਾਨ ਨਹੀਂ ਕੀਤਾ ਜਾ ਰਿਹਾ। ਪਿਛਲੇ ਹਫਤੇ ਪ੍ਰੋਵਿੰਸ ਨੇ ਆਖਿਆ ਸੀ ਕਿ ਸਿਹਤ ਅਧਿਕਾਰੀ ਇਸ ਦੂਜੇ ਪੜਾਅ ਲਈ ਗੱਲਬਾਤ ਕਰ ਰਹੇ ਹਨ। ਪ੍ਰੀਮੀਅਰ ਡੱਗ ਫੋਰਡ ਨੇ ਆਖਿਆ ਕਿ ਉਨ੍ਹਾਂ ਨੂੰ ਪੂਰੀ ਆਸ ਹੈ ਕਿ ਉਹ ਇਸ ਹਫਤੇ ਇਸ ਪਲੈਨ ਬਾਰੇ ਐਲਾਨ ਕਰ ਸਕਣਗੇ।

ਫੋਰਡ ਨੇ ਆਖਿਆ ਕਿ ਭਾਵੇਂ ਓਨਟਾਰੀਓ ਵਿੱਚ ਸਟੇਟ ਆਫ ਐਮਰਜੰਸੀ 30 ਜੂਨ ਤੱਕ ਵਧਾ ਦਿੱਤੀ ਗਈ ਹੈ ਪਰ ਰੀਓਪਨਿੰਗ ਪ੍ਰਕਿਰਿਆ ਨੂੰ ਮੱਠਾ ਨਹੀਂ ਕੀਤਾ ਜਾ ਸਕਦਾ। ਕਲ੍ਹ ਓਨਟਾਰੀਓ ਵਿੱਚ ਨੋਵਲ ਕਰੋਨਾਵਾਇਰਸ ਦੇ 415 ਮਾਮਲੇ ਸਾਹਮਣੇ ਆਏ। ਇਨ੍ਹਾਂ ਵਿੱਚੋਂ ਬਹੁਤਿਆਂ ਦੇ ਸਮੇਂ ਸਿਰ ਨਵੇਂ ਡਾਟਾਬੇਸ ਵਿੱਚ ਸ਼ਾਮਲ ਨਾ ਕੀਤੇ ਜਾਣ ਕਾਰਨ ਦੇਰੀ ਹੋਈ।

# ਮੌਜੂਦਾ ਸਰਹੱਦੀ ਪਾਬੰਦੀਆਂ ਤੋਂ ਸੀਮਤ ਛੋਟ : ਟਰੂਡੋ

ਓਟਵਾ, 8 ਜੂਨ (ਪੋਸਟ ਬਿਊਰੋ) : ਮੌਜੂਦਾ ਸਰਹੱਦੀ ਪਾਬੰਦੀਆਂ ਤੋਂ ਸੀਮਤ ਛੋਟ ਦਿੰਦਿਆਂ ਇੱਥੋਂ ਦੇ ਨਾਗਰਿਕਾਂ ਜਾਂ ਪਰਮਾਨੈਂਟ ਰੈਜ਼ੀਡੈਂਟਸ ਦੇ ਨਜ਼ਦੀਕੀ ਪਰਿਵਾਰਕ ਮੈਂਬਰ ਹੁਣ ਕੈਨੇਡਾ ਦਾਖਲ ਹੋ ਸਕਣਗੇ। ਇਹ ਨਵੇਂ ਨਿਯਮ ਅੱਜ ਰਾਤ ਤੋਂ ਹੀ ਪ੍ਰਭਾਵੀ ਹੋ ਜਾਣਗੇ।

ਸੋਮਵਾਰ ਨੂੰ ਫੈਡਰਲ ਸਰਕਾਰ ਵੱਲੋਂ ਐਲਾਨੀ ਗਈ ਇਸ ਨਵੀਂ ਨੀਤੀ ਤਹਿਤ ਅਮਰੀਕਾ ਤੇ ਹੋਰਨਾਂ ਦੇਸ਼ਾਂ ਤੋਂ ਕੈਨੇਡੀਅਨਾਂ ਦੇ ਨੇੜਲੇ ਪਰਿਵਾਰਕ ਮੈਂਬਰ ਨਵੀਂਆਂ ਸ਼ਰਤਾਂ ਤਹਿਤ ਕੈਨੇਡਾ ਦਾਖਲ ਹੋ ਸਕਣਗੇ। ਇਨ੍ਹਾਂ ਨੇੜਲੇ ਰਿਸ਼ਤੇਦਾਰਾਂ ਵਿੱਚ ਪਤੀ-ਪਤਨੀ, ਕਾਮਨ ਲਾਅ ਪਾਰਟਨਰਜ਼, ਡਿਪੈਂਡੈਂਟ ਚਿਲਡਰਨ ਤੇ ਉਨ੍ਹਾਂ ਦੇ ਬੱਚੇ, ਮਾਪੇ ਤੇ ਲੀਗਲ ਗਾਰਡੀਅਨ ਸ਼ਾਮਲ ਹੋਣਗੇ। ਕੈਨੇਡਾ ਦਾਖਲ ਹੋਣ ਦੀ ਸ਼ਰਤ ਤਹਿਤ ਪਰਿਵਾਰਕ ਮੈਂਬਰਾਂ ਕੋਲ ਕੈਨੇਡਾ ਵਿੱਚ ਘੱਟੋ ਘੱਟ 15 ਦਿਨਾਂ ਲਈ ਰਹਿਣ ਦੀ ਯੋਜਨਾ ਹੋਵੇ। ਇਸ ਦੇ ਨਾਲ ਹੀ ਕੈਨੇਡਾ ਦਾਖਲ ਹੁੰਦੇ ਸਾਰ ਉਨ੍ਹਾਂ ਨੂੰ 14 ਦਿਨਾਂ ਲਈ ਖੁਦ ਨੂੰ ਕੁਆਰਨਟੀਨ ਕਰਨਾ ਹੋਵੇਗਾ।

ਇਮੀਗ੍ਰੇਸ਼ਨ, ਰਫਿਊਜੀਜ਼ ਤੇ ਸਿਟਿਜ਼ਨਸ਼ਿਪਜ਼ ਮੰਤਰੀ ਮਾਰਕੋ ਮੈਂਡੀਸੀਨੋ ਨੇ ਆਖਿਆ ਕਿ ਇੱਥੇ ਇਹ ਸਪਸ਼ਟ ਕੀਤਾ ਜਾਣਾ ਜ਼ਰੂਰੀ ਹੈ ਕਿ ਪਰਿਵਾਰ ਦੇ ਜੀਆਂ ਨੂੰ ਛੋਟ ਮਿਲਣ ਦਾ ਭਾਵ ਇਹ ਨਹੀਂ ਹੈ ਕਿ ਹੁਣ ਬਾਰਡਰ ਵੀਕੈਂਡ ਟਰੈਵਲਰਜ਼ ਜਾਂ ਨਿਜੀ ਜਾਂ ਸੋਸ਼ਲ ਇੱਕਠ ਵਿੱਚ ਹਿੱਸਾ ਲੈਣ ਵਾਲਿਆਂ ਲਈ ਵੀ ਖੁੱਲ੍ਹ ਗਿਆ ਹੈ। ਬਾਹਰੋਂ ਆਉਣ ਵਾਲੇ ਲੋਕਾਂ ਕੋਲ ਵੈਲਿਡ ਵੀਜ਼ਾਵਜਾਂ ਇਲੈਕਟ੍ਰੌਨਿਕ ਟਰੈਵਲ ਆਥੋਰਾਈਜ਼ੇਸ਼ਨ ਹੋਣੀ ਜ਼ਰੂਰੀ ਹੈ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ',
ਅਸੀਂ ਕਰਾਂਗੇ 'ਹਾਂ'
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

jobs! jobs! jobs! jobs! jobs!
DUNDAS·JAFINE
HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ
ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ
ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ
ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton
ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

## ਅੱਜ ਨਾਮਾ

ਉੱਠ ਪਈ ਮੰਗ ਕਿ ਚੀਨ ਦੇ ਮੁਲਕ ਕੋਲੋਂ,
ਹਰ ਇੱਕ ਲੈਣਾ ਸਾਮਾਨ ਦਿਓ ਰੋਕ ਬੇਲੀ।
ਬਣਿਆ ਹਿੰਦ ਦਾ ਸਿਰਫ ਸਾਮਾਨ ਲਈਏ,
ਇੱਕਾ-ਦੁੱਕਾ ਜਾਂ ਵਿਕਦਾ ਇਹ ਥੋਕ ਬੇਲੀ।
ਮਿਲ ਕੇ ਸਾਧ ਸਰਕਾਰਾਂ ਦੇ ਨਾਲ ਕਹਿੰਦਾ,
ਸਕਿਆ ਸਾਧ ਨੂੰ ਵੀ ਕੋਈ ਨਾ ਟੋਕ ਬੇਲੀ।
ਹੋਇਆ ਅਮਲ ਤਾਂ ਲੱਗ ਜਾਊ ਪਤਾ ਸਾਰਾ,
ਕੀਹਦਾ ਵਰਤਣਗੇ ਮਾਲ ਫਿਰ ਲੋਕ ਬੇਲੀ।
ਅੱਧੋ-ਅੱਧੀ ਜਾਂ ਕੀਮਤ ਦਾ ਫਰਕ ਹੋਇਆ,
ਹਰ ਕੋਈ ਖਰਚਣ ਦਾ ਕਰੂ ਖਿਆਲ ਬੇਲੀ।
ਸੁਣਨਾ ਕਿਸੇ ਨਾ ਆਉਂਦੇ ਪਏ ਸੱਦਿਆਂ ਨੂੰ,
ਵਿਕਦਾ ਰਹਿਣਾ ਸਭ ਚੀਨ ਦਾ ਮਾਲ ਬੇਲੀ।

ਤੀਸ ਮਾਰ ਖਾਂ

# ਕੈਪਟਨ ਅਮਰਿੰਦਰ ਨੇ ਕਿਹਾ: ਅਕਾਲੀ ਆਗੂ ਲੋਕਾਂ ਨੂੰ ਗੁੰਮਰਾਹ ਕਰਨ ਦਾ ਡਰਾਮਾ ਬੰਦ ਕਰਨ

### * ਪ੍ਰਸ਼ਾਦ ਬਾਰੇ ਫੈਸਲਾ ਅਕਾਲੀਆਂ ਦੀ ਸਾਂਝੀ ਕੇਂਦਰ ਸਰਕਾਰ ਦਾ ਹੈ

ਚੰਡੀਗੜ੍ਹ, 8 ਜੂਨ, (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਅਕਾਲੀ ਦਲ ਦੇ ਆਗੂਆਂ ਵੱਲੋਂ ਗੁਰੂ-ਘਰ ਵਿੱਚ ਪ੍ਰਸ਼ਾਦ ਦੇ ਸੰਵਦੇਨਸ਼ੀਲ ਧਾਰਮਿਕ ਮੁੱਦੇ ਤੋਂ ਲੋਕਾਂ ਨੂੰ ਗੁੰਮਰਾਹ ਕਰਨ ਲਈ ਕੀਤੇ ਗਏ ਯਤਨਾਂ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕਰਦਿਆਂ ਕਿਹਾ ਕਿ ਅੱਜ ਖੋਲ੍ਹੇ ਗਏ ਧਾਰਮਿਕ ਅਸਥਾਨਾਂ ਅੰਦਰ ਪ੍ਰਸ਼ਾਦ ਨਾ ਵਰਤਾਉਣ ਬਾਰੇ ਫ਼ੈਸਲਾ ਉਸ ਕੇਂਦਰ ਸਰਕਾਰ ਦਾ ਹੈ, ਜਿਸ ਵਿੱਚ ਸ਼੍ਰੋਮਣੀ ਅਕਾਲੀ ਦਲ ਭਾਈਵਾਲ ਹੈ।

ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਕਿਸੇ ਧਰਮ ਦੀ ਮਰਿਆਦਾ ਤੇ ਰਵਾਇਤਾਂ ਦੇ ਬਾਰੇ ਦਖ਼ਲ ਦੇਣ ਦਾ ਯਤਨ ਨਹੀਂ ਕੀਤਾ, ਪਰ ਉਹ ਕੇਂਦਰੀ ਗ੍ਰਹਿ ਮੰਤਰਾਲੇ ਦੇ ਨਿਰਦੇਸ਼ ਲਾਗੂ ਕਰਾਉਣ ਦੀ ਪਾਬੰਦ ਹੈ। ਉਨ੍ਹਾਂ ਨੇ ਅਕਾਲੀ ਆਗੂਆਂ ਵੱਲੋਂ ਝੂਠੀ ਬਿਆਨਬਾਜ਼ੀ ਨਾਲ ਲੋਕਾਂ ਨੂੰ ਪੰਜਾਬ ਸਰਕਾਰ ਦੇ ਖਿਲਾਫ਼ ਭੜਕਾਉਣ ਦੀ ਕੋਸ਼ਿਸ਼ ਕਰਨ ਉੱਤੇ ਅਕਾਲੀ ਆਗੂਆਂ ਦੀ ਨਿੰਦਾ ਕੀਤੀ ਹੈ। ਇਸ ਬਾਰੇ ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਕਿਹਾ ਕਿ ਜਦੋਂ ਕੇਂਦਰੀ ਗ੍ਰਹਿ ਮੰਤਰਾਲੇ ਦੇ ਕਹੇ ਅਨੁਸਾਰ ਕੇਂਦਰੀ ਸਿਹਤ ਤੇ ਪਰਿਵਾਰ ਭਲਾਈ ਮੰਤਰਾਲੇ ਨੇ ਸਭ ਧਾਰਮਿਕ ਅਸਥਾਨਾਂ ਲਈ ਸਟੈਂਡਰਡ ਅਪਰੇਸ਼ਨ ਪ੍ਰੋਸੀਜ਼ਰ (ਐੱਸ ਓ ਪੀਜ਼) ਜਾਰੀ ਕੀਤੇ ਹਨ ਤਾਂ ਪੰਜਾਬ ਸਰਕਾਰ ਨੂੰ ਗੁਰੂ-ਘਰਾਂ ਜਾਂ ਹੋਰ ਧਰਮ ਸਥਾਨਾਂ ਵਿਖੇ ਪ੍ਰਸ਼ਾਦ ਵੰਡਣ ਉੱਤੇ ਰੋਕ ਲਾਉਣ ਦੀ ਜ਼ਿੰਮੇਵਾਰ ਕਿਵੇਂ ਕਿਹਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਹ ਉਹ ਹੀ ਕੇਂਦਰੀ ਗ੍ਰਹਿ ਮੰਤਰਾਲਾ ਹੈ, ਜਿਸ ਨੇ ਕੌਮੀ ਆਫਤ ਐਕਟ ਹੇਠ 8 ਜੂਨ ਤੋਂ ਧਾਰਮਿਕ ਤੇ ਕੁਝ ਹੋਰ ਸਥਾਨਾਂ ਨੂੰ ਖੋਲ੍ਹਣ ਦੀ ਆਗਿਆ ਦੇਣ ਦਾ ਫੈਸਲਾ ਲਿਆ ਤੇ ਵੱਖ-ਵੱਖ ਕੇਂਦਰੀ ਮੰਤਰਾਲਿਆਂ ਨੂੰ ਇਸ ਦੇ ਲੋੜੀਂਦੇ ਨਿਰਦੇਸ਼ ਜਾਰੀ ਕਰਨ ਨੂੰ ਕਿਹਾ ਸੀ। ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਕੇਂਦਰ ਦੀ ਮੰਤਰੀ ਵਜੋਂ ਅਕਾਲੀ ਆਗੂ ਹਰਸਿਮਰਤ ਕੌਰ ਬਾਦਲ ਤੇ ਉਨ੍ਹਾਂ ਦੀ ਪਾਰਟੀ ਨੇ 8 ਜੂਨ ਤੋਂ ਧਾਰਮਿਕ ਸਥਾਨ ਮੁੜ ਖੋਲ੍ਹਣ ਬਾਰੇ ਐਸ ਓ ਪੀਜ਼ ਜਾਰੀ ਹੋਣ ਤੋਂ ਪਹਿਲਾਂ ਜ਼ਰੂਰ ਵਿਚਾਰ ਕੀਤੀ ਹੋਵੇਗਾ। ਉਨ੍ਹਾਂ ਕਿਹਾ ਕਿ ਹਰਸਿਮਰਤ ਕੌਰ ਬਾਦਲ ਨੂੰ ਪਿੱਛੋਂ ਰੋਸ ਕਰਨ ਤੇ ਪੰਜਾਬ ਸਰਕਾਰ ਉੱਤੇ ਗਲਤ ਦੋਸ਼



ਮੜ੍ਹਨ ਦੀ ਥਾਂ ਓਦੋਂ ਹੀ ਇਸ ਫੈਸਲੇ ਤੋਂ ਪਿੱਛੇ ਹਟ ਕੇ ਪ੍ਰਸਾਦ ਵੰਡਣ ਦੀ ਪ੍ਰੰਪਰਾ ਜਾਰੀ ਰੱਖਣ ਉੱਤੇ ਕੇਂਦਰ ਵਿੱਚ ਜ਼ੋਰ ਦੇਣਾ ਚਾਹੀਦਾ ਸੀ।

ਪੰਜਾਬ ਦੇ ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਨੇ ਰਾਜ ਦੇ ਐਡੀਸ਼ਨਲ ਚੀਫ ਸੈਕਟਰੀ (ਹੋਮ) ਨੂੰ ਇਹ ਨਿਰਦੇਸ਼ ਦੇ ਦਿੱਤੇ ਸਨ ਕਿ ਉਹ ਗੁਰਦੁਆਰਿਆਂ ਵਿੱਚ ਕੇਂਦਰ ਦੇ ਨਿਰਦੇਸ਼ਾਂ ਦੀ ਪਾਲਣਾ ਮੁਤਾਬਕ ਲੰਗਰ ਵਰਤਾਉਣ ਬਾਰੇ ਲੋੜੀਂਦੇ ਨਿਰਦੇਸ਼ ਜਾਰੀ ਕਰ ਦੇਣ। ਉਨ੍ਹਾਂ ਕਿਹਾ ਕਿ ਉਹ ਖੁਦ ਪ੍ਰਧਾਨ ਮੰਤਰੀ ਨੂੰ ਧਾਰਮਿਕ ਅਸਥਾਨਾਂ ਉੱਤੇ ਪ੍ਰਸ਼ਾਦ ਵੰਡਣ ਲਈ ਆਗਿਆ ਦੇਣ ਲਈ ਪੱਤਰ ਲਿਖ ਰਹੇ ਹਨ। ਅਕਾਲੀ ਆਗੂਆਂ ਦੇ ਦੋਹਰੇ ਮਾਪਦੰਡਾਂ ਦਾ ਦੋਸ਼ ਲਾਉਂਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਉਹ ਦਿੱਲੀ ਦੇ ਗਲਿਆਰਿਆਂ ਵਿੱਚ ਭਾਰਤ ਸਰਕਾਰ ਦੇ ਵਿਵਾਦਤ ਫੈਸਲਿਆਂ ਦੀ ਹਮਾਇਤ ਕਰਦੇ ਤੇ ਜਨਤਕ ਤੌਰ ਉੱਤੇ ਇਸ ਦਾ ਵਿਰੋਧ ਕਰਨ ਦਾ ਢਕਵੰਜ ਕਰਦੇ ਹਨ। ਉਨ੍ਹਾਂ ਕਿਹਾ ਕਿ ਨਾਗਰਿਕਤਾ ਸੋਧ ਕਾਨੂੰਨ ਤੋਂ ਲੈ ਕੇ ਪਿਛਲੇ ਦਿਨੀਂ ਪਾਸ ਹੋਏ ਖੇਤੀ ਸੁਧਾਰਾਂ ਬਾਰੇ ਆਰਡੀਨੈਂਸ ਤੱਕ ਅਕਾਲੀ ਆਗੂ ਖਾਸ ਤੌਰ ਉੱਤੇ ਹਰਸਿਮਰਤ ਕੌਰ ਬਾਦਲ ਵਾਰ-ਵਾਰ ਰਾਜ ਦੇ ਹਿੱਤਾਂ ਦੇ ਨਾਜ਼ੁਕ ਮੁੱਦਿਆਂ ਉੱਤੇ ਆਪਣੇ ਕੋਰੇ ਝੂਠ ਨਾਲ ਪੰਜਾਬ ਦੇ ਲੋਕਾਂ ਨੂੰ ਬੇਵਕੂਫ ਬਣਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਕੈਪਟਨ ਅਮਰਿੰਦਰ ਸਿੰਘ ਨੇ ਅਕਾਲੀ ਆਗੂਆਂ ਨੂੰ ਇਸ ਔਖੇ ਦੌਰ ਵਿੱਚ ਸੌੜੀ ਸਿਆਸਤ ਲਾਂਭੇ ਰੱਖਣ ਤੇ ਸੰਕਟ ਨਾਲ ਨਿਪਟਣ ਲਈ ਰਾਜਸੀ ਵਖਰੇਵਿਆਂ ਤੋਂ ਉਪਰ ਉੱਠ ਕੇ ਸਾਂਝੇ ਯਤਨਾਂ ਦੀ ਅਪੀਲ ਕੀਤੀ ਹੈ।

## ਐੱਨ ਆਰ ਆਈ ਭਰਾ ਨੂੰ ਪਲਾਟ ਦਿਵਾਉਣ ਬਹਾਨੇ 34 ਲੱਖ ਦੀ ਠੱਗੀ

### * ਮੋਹਾਲੀ ਪੁਲਸ ਨੇ ਦੋਸ਼ੀ ਨੂੰ ਜਲੰਧਰ ਤੋਂ ਫੜਿਆ

ਮੋਹਾਲੀ, 8 ਜੂਨ (ਪੋਸਟ ਬਿਊਰੋ)- ਐੱਨ ਆਰ ਆਈਜ਼ ਨਾਲ ਪੰਜਾਬ ਵਿੱਚ ਧੋਖੇ ਦੇ ਕੇਸ ਤਾਂ ਬਹੁਤ ਹੁੰਦੇ ਰਹਿੰਦੇ ਹਨ ਤੇ ਲੋਕ ਇਸ ਬਾਰੇ ਚਰਚਾ ਵੀ ਕਰਦੇ ਹਨ, ਪਰ ਇਹ ਕੇਸ ਰੁਕਦੇ ਨਹੀਂ।

ਇਸ ਵਾਰੀ ਇੱਕ ਕੈਨੇਡਾ ਬੈਠੇ ਪੰਜਾਬੀ ਗੁਰਦੇਵ ਸਿੰਘ ਨੂੰ ਪਲਾਟ ਨਾਂਅ ਦਿਵਾਉਣ ਬਹਾਨੇ ਉਸ ਦੇ ਸਕੇ ਭਰਾ ਨੇ 34 ਲੱਖ ਰੁਪਏ ਦੀ ਠੱਗੀ ਮਾਰ ਲਈ ਹੈ। ਉਸ ਠੱਗੀ-ਮਾਰ ਭਰਾ ਸਤਨਾਮ ਸਿੰਘ ਨੂੰ ਮੋਹਾਲੀ ਜ਼ਿਲੇ ਦੇ ਸੋਹਾਣਾ ਥਾਣੇ ਦੀ ਪੁਲਸ ਨੇ ਕੱਲ੍ਹ ਜਲੰਧਰ ਤੋਂ ਗ੍ਰਿਫਤਾਰ ਕੀਤਾ ਹੈ। ਜਲੰਧਰ ਦੇ ਸਤਨਾਮ ਨੇ ਗਮਾਡਾ (ਗਰੇਟਰ ਮੋਹਾਲੀ ਡਿਵੈਲਪਮੈਂਟ ਅਥਾਰਟੀ) ਵਿੱਚ ਡ੍ਰਾਅ ਦੇ ਰਾਹੀਂ ਨਿਕਲੇ ਪਲਾਟ ਦੇ ਨਾਂਅ ਉੱਤੇ ਆਪਣੇ ਸਕੇ ਭਰਾ ਨਾਲ ਧੋਖਾਧੜੀ ਕੀਤੀ ਸੀ। ਪਲਾਟ ਨਿਕਲਣ ਦੇ ਬਾਅਦ ਨਾ ਉਸ ਨੇ ਨਾ ਤਾਂ ਆਪਣੇ ਪ੍ਰਵਾਸੀ ਪੰਜਾਬੀ ਭਰਾ ਦੇ ਨਾਂਅ ਪਲਾਟ ਦੀ ਰਜਿਸਟਰੀ ਕਰਵਾਈ ਅਤੇ ਨਾ ਉਸ ਦੇ ਪੈਸੇ ਵਾਪਸ ਕੀਤੇ। ਐੱਨ ਆਰ ਆਈ ਗੁਰਦੇਵ ਸਿੰਘ ਨੇ ਸੋਹਾਣਾ ਥਾਣੇ ਦੀ ਪੁਲਸ ਨੂੰ ਇਸ ਦੀ ਸ਼ਿਕਾਇਤ ਦਿੱਤੀ ਤਾਂ ਪੁਲਸ ਨੇ ਉਸ ਦੇ ਭਰਾ ਸਤਨਾਮ ਸਿੰਘ ਦੇ ਖਿਲਾਫ ਧੋਖਾਧੜੀ ਦਾ ਕੇਸ ਦਰਜ ਕਰ ਕੇ ਕੱਲ੍ਹ ਦੋਸ਼ੀ ਨੂੰ ਜਲੰਧਰ ਤੋਂ ਫੜਿਆ ਅਤੇ ਕੋਰਟ ਵਿੱਚ ਪੇਸ਼ ਕਰ ਕੇ ਰਿਮਾਂਡ ਹਾਸਲ ਕੀਤਾ ਹੈ।

ਇਸ ਸੰਬੰਧ ਵਿੱਚ ਮੋਹਾਲੀ ਪੁਲਸ ਨੇ ਦੱਸਿਆ ਕਿ ਦੋਸ਼ੀ ਸਤਨਾਮ ਸਿੰਘ ਨੇ ਗਮਾਡਾ ਵੱਲੋਂ ਸੈਕਟਰ 77 ਵਿੱਚ ਕੱਢੇ ਗਏ ਪਲਾਟਾਂ ਲਈ ਅਰਜ਼ੀ ਦਿੱਤੀ ਸੀ ਤਾਂ ਉਸ ਦਾ ਪਲਾਟ ਨਿਕਲ ਆਇਆ। ਇਸ ਦੀ ਕੀਮਤ 34 ਲੱਖ ਰੁਪਏ ਸੀ। ਸਤਨਾਮ ਸਿੰਘ ਦੇ ਕੋਲ ਪੈਸੇ ਨਹੀਂ ਸਨ ਤੇ ਉਸ ਨੇ ਆਪਣੇ ਭਰਾ ਨੂੰ ਇਸ ਪਲਾਟ ਬਾਰੇ ਦੱਸ ਕੇ ਕਿਹਾ ਕਿ ਜੇ ਉਹ ਪੈਸੇ ਲਾ ਦੇਵੇ ਤਾਂ ਪਲਾਟ ਉਸ ਦੇ ਨਾਂਅ ਕਰਾ ਦੇਵੇਗਾ। ਕੈਨੇਡਾ ਤੋਂ ਗੁਰ-ਦੇਵ ਸਿੰਘ ਨੇ ਇਸ ਪਲਾਟ ਲਈ ਆਪਣੇ ਭਰਾ ਨੂੰ ਪੈਸੇ ਭੇਜ ਦਿੱਤੇ। ਦੋਸ਼ੀ ਨੇ ਗਮਾਡਾ ਵਿੱਚ ਪੈਸੇ ਜਮ੍ਹਾ ਕਰਵਾ ਕੇ ਪਲਾਟ ਆਪਣੇ ਭਰਾ ਦੇ ਨਾਂਅ ਕਰਵਾਉਣ ਦੀ ਬਜਾਏ ਆਪਣੇ ਨਾਂਅ ਕਰਵਾ ਲਿਆ ਤੇ ਅੱਗੇ ਉਸ ਦਾ ਬਿਆਨਾ ਕਰ ਦਿੱਤਾ। ਇਸ ਬਾਰੇ ਜਦ ਗੁਰਦੇਵ ਨੂੰ ਪਤਾ ਲੱਗਾ ਤਾਂ ਉਸ ਨੇ ਸਤਨਾਮ ਸਿੰਘ ਨਾਲ ਗੱਲ ਕੀਤੀ, ਪਰ ਉਸ ਨੇ ਸਾਫ ਮਨ੍ਹਾ ਕਰ ਦਿੱਤਾ ਕਿ ਉਹ ਨਾ ਪਲਾਟ ਉਸ ਦੇ ਨਾਂਅ ਕਰੇਗਾ ਤੇ ਨਾ ਪੈਸੇ ਵਾਪਸ ਦੇਵੇਗਾ। ਗੁਰਦੇਵ ਨੇ ਇਸ ਦੀ ਸ਼ਿਕਾਇਤ ਪੁਲਸ ਸਟੇਸ਼ਨ ਸੋਹਾਣਾ ਵਿੱਚ ਕਰ ਦਿੱਤੀ।

## ਪੰਜਾਬ ਵਿੱਚ ਕੋਰੋਨਾ ਮਹਾਮਾਰੀ ਨਾਲ ਇੱਕੋ ਦਿਨ ਤਿੰਨ ਮੌਤਾਂ ਅਤੇ 70 ਨਵੇਂ ਕੇਸ ਮਿਲੇ

ਚੰਡੀਗੜ੍ਹ, 8 ਜੂਨ, (ਪੋਸਟ ਬਿਊਰੋ)- ਬੀਤੇ 24 ਘੰਟਿਆਂ ਵਿੱਚ ਪੰਜਾਬ ਵਿੱਚ ਤਿੰਨ ਮੌਤਾਂ ਹੋਣ ਦੀ ਖਬਰ ਹੈ ਅਤੇ ਇਸ ਦੇ ਨਾਲ ਹੀ ਪੰਜਾਬ ਵਿੱਚ ਇੱਕੋ ਦਿਨ 70 ਨਵੇਂ ਕੇਸ ਮਿਲੇ ਦੱਸੇ ਗਏ ਹਨ।

ਅੰਮ੍ਰਿਤਸਰ ਵਿੱਚ ਬੀਤੇ 24 ਘੰਟਿਆਂ ਦੌਰਾਨ ਕੋਰੋਨਾ ਨਾਲ ਇੱਕੋ ਦਿਨ ਤਿੰਨ ਮੌਤਾਂ ਹੋ ਗਈਆਂ ਹਨ। ਇਨ੍ਹਾਂ ਵਿੱਚ ਇੱਕ ਅੱਠ ਮਹੀਨੇ ਦਾ ਬੱਚਾ ਅਤੇ ਦੋ ਬਜ਼ੁਰਗ ਸਨ। ਇਸ ਦੌਰਾਨ ਕੋਰੋਨਾ ਦੇ 70 ਨਵੇਂ ਪਾਜ਼ੇਟਿਵ ਕੇਸ ਪਤਾ ਲੱਗੇ ਹਨ। ਅੱਜ ਮਾਰੇ ਗਏ ਬੱਚੇ ਨੂੰ ਸਾਹ ਵਿੱਚ ਤਕਲੀਫ਼ ਕਾਰਨ ਗੁਰੂ ਨਾਨਕ ਦੇਵ ਹਸਪਤਾਲ ਲਿਆਂਦਾ ਗਿਆ ਸੀ। ਇਸੇ ਮਹਾਨਗਰ ਦੇ ਦੋ ਬਜ਼ੁਰਗਾਂ ਦੀ ਗੁਰੂ ਨਾਨਕ ਦੇਵ ਹਸਪਤਾਲ ਵਿੱਚ ਮੌਤ ਹੋਈ ਹੈ। ਇਸ ਨਾਲ ਅੰਮ੍ਰਿਤਸਰ ਜ਼ਿਲ੍ਹੇ ਅੰਦਰ ਕੋਰੋਨਾ ਨਾਲ ਮੌਤਾਂ ਦੀ ਗਿਣਤੀ ਵਧ ਕੇ 11 ਅਤੇ ਪੂਰੇ ਪੰਜਾਬ ਵਿੱਚ 55 ਹੋ ਗਈ ਹੈ। ਓਧਰ ਮੋਹਾਲੀ ਵਿੱਚ ਅੱਜ ਸ਼ਾਮ ਮਿਲੇ ਪੰਜ ਹੋਰ ਕੇਸਾਂ ਵਿੱਚੋਂ ਚਾਰ ਜਣੇ ਇਸ ਤੋਂ ਇੱਕ ਦਿਨ ਪਹਿਲਾਂ ਪਤਾ ਲੱਗੇ ਪੁਲਿਸ ਮੁਲਾਜ਼ਮ ਦੀ ਮਾਂ, ਫੁੱਫੜ ਅਤੇ ਦੋ ਦੋਸਤ ਹਨ।

ਪੰਜਾਬ ਦੇ ਸਿਹਤ ਮੰਤਰੀ ਬਲਬੀਰ ਸਿੰਘ ਸਿੱਧੂ ਦਾ ਕਹਿਣਾ ਹੈ ਕਿ ਪੰਜਾਬ ਵਿੱਚ ਕਮਿਊਨਿਟੀ ਟਰਾਂਸਮਿਸ਼ਨ ਦਾ ਪੜਾਅ ਹਾਲੇ ਨਹੀਂ ਆਇਆ, ਇੱਥੇ ਇਲਾਜ ਕਰਾ ਰਹੇ ਮਰੀਜ਼ਾਂ ਦੀ ਗਿਣਤੀ 600 ਤੋਂ ਘੱਟ ਹੈ ਤੇ 2100 ਤੋਂ ਵੱਧ ਲੋਕ ਠੀਕ ਹੋ ਕੇ ਜਾ ਚੁੱਕੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਇਨਫੈਕਸ਼ਨ ਬਾਹਰੋਂ ਆਏ ਲੋਕਾਂ ਕਾਰਨ ਫੈਲਿਆ ਸੀ, ਜਿਸ ਨੂੰ ਕਾਫ਼ੀ ਹੱਦ ਤਕ ਕਾਬੂ



ਕੀਤਾ ਜਾ ਚੁੱਕਾ ਹੈ। ਮਿਲੀ ਜਾਣਕਾਰੀ ਅਨੁਸਾਰ ਪੰਜਾਬ ਵਿੱਚ ਮਰੀਜ਼ਾਂ ਦੇ ਠੀਕ ਹੋਣ ਦੀ ਦਰ 80 ਫੀਸਦੀ ਤੋਂ ਵੱਧ ਹੈ, ਜਦ ਕਿ ਬਹੁਤੇ ਰਾਜਾਂ ਦੀ ਇਸ ਤੋਂ ਘੱਟ ਹੈ।

ਕੁੱਲ ਮਿਲਾ ਕੇ ਪੰਜਾਬ ਵਿੱਚ ਸੋਮਵਾਰ ਸ਼ਾਮ ਤੱਕ ਕੁੱਲ ਕੇਸਾਂ ਦੀ ਗਿਣਤੀ 70 ਦੱਸੀ ਗਈ ਹੈ, ਜਿਨ੍ਹਾਂ ਵਿੱਚੋਂ ਸਭ ਤੋਂ ਵੱਧ 502 ਕੇਸ ਜ਼ਿਲਾ ਅੰਮ੍ਰਿਤਸਰ ਵਿੱਚ ਹਨ, ਜਿੱਥੇ ਮੌਤਾਂ ਦੀ ਗਿਣਤੀ ਇਸ ਸਮੇਂ ਵਿੱਚ 11 ਹੋ ਚੁੱਕੀ ਹੈ। ਜਲੰਧਰ ਵਿੱਚ ਅੱਜ ਤੱਕ 314 ਕੇਸ ਹੋਏ ਤੇ 9 ਮੌਤਾਂ ਹੋਈਆਂ ਹਨ। ਲੁਧਿਆਣਾ ਵਿੱਚ 274 ਕੇਸ ਅਤੇ 10 ਮੌਤਾਂ, ਤਰਨ ਤਾਰਨ ਵਿੱਚ 169 ਕੇਸ 1 ਮੌਤ, ਗੁਰਦਾਸਪੁਰ ਵਿੱਚ 161 ਕੇਸ 3 ਮੌਤਾਂ, ਪਟਿਆਲਾ ਵਿੱਚ 137 ਕੇਸ 3 ਮੌਤਾਂ, ਹੁਸ਼ਿਆਰਪੁਰ ਵਿੱਚ 136 ਕੇਸ 5 ਮੌਤਾਂ, ਮੋਹਾਲੀ ਵਿੱਚ 136 ਕੇਸ 3 ਮੌਤਾਂ, ਨਵਾਂਸ਼ਹਿਰ ਵਿੱਚ 118 ਕੇਸ 1 ਮੌਤ, ਪਠਾਨਕੋਟ ਵਿੱਚ 91 ਕੇਸ 5 ਮੌਤਾਂ, ਰੂਪਨਗਰ ਵਿੱਚ 72 ਕੇਸ 1 ਮੌਤ, ਫਿਰੋਜ਼ਪੁਰ ਵਿੱਚ 45 ਕੇਸ 1 ਮੌਤ, ਕਪੂਰਥਲਾ ਵਿੱਚ 45 ਕੇਸ 3 ਮੌਤਾਂ ਤੇ ਬਰਨਾਲਾ ਵਿੱਚ 29 ਕੇਸ ਤੇ 1 ਮੌਤ ਹੋਈ ਹੈ। ਇਸ ਤੋਂ ਬਿਨਾ ਸੰਗਰੂਰ ਵਿੱਚ 117 ਕੇਸ, ਫਰੀਦਕੋਟ 75 ਕੇਸ, ਮੁਕਤਸਰ 71 ਕੇਸ, ਫਤਹਿਗੜ੍ਹ ਸਾਹਿਬ 68 ਕੇਸ, ਮੋਗਾ 69 ਕੇਸ, ਬਠਿੰਡਾ 62 ਕੇਸ, ਫਾਜ਼ਿਲਕਾ 50 ਕੇਸ ਅਤੇ ਮਾਨਸਾ ਵਿੱਚ 45 ਕੇਸ ਹੋਏ ਹਨ, ਪਰ ਇਨ੍ਹਾਂ ਜ਼ਿਲਿਆਂ ਵਿੱਚ ਮੌਤਾਂ ਹੋਣ ਤੋਂ ਬਚਾਅ ਰਿਹਾ ਹੈ।


## ਕੋਰੋਨਾ ਦੀ ਬੀਮਾਰੀ ਫੈਲਣ ਦਾ ਦੂਜਾ ਸਭ ਤੋਂ ਵੱਡਾ ਕੇਂਦਰ ਬ੍ਰਾਜ਼ੀਲ ਬਣਿਆ

ਬ੍ਰਾਸੀਲੀਆ, 9 ਜੂਨ, (ਪੋਸਟ ਬਿਊਰੋ)- ਬ੍ਰਾਜ਼ੀਲ ਨੇ ਕੋਰੋਨਾ ਵਾਇਰਸ ਦੇ ਕੇਸਾਂ ਦੇ ਸਭ ਅੰਕੜੇ ਸਰਕਾਰੀ ਵੈੱਬਸਾਈਟ ਤੋਂ ਹਟਾ ਦਿੱਤੇ ਹਨ ਤੇ ਇਹ ਫੈਸਲਾ ਮਹਾਮਾਰੀ ਨਾਲ ਨਜਿੱਠਣ ਬਾਰੇ ਰਾਸ਼ਟਰਪਤੀ ਜਾਇਰ ਬੋਲਸੋਨਾਰੋ ਦੀ ਨਿੰਦਾ ਹੋਣ ਦੇ ਬਾਅਦ ਕੀਤਾ ਗਿਆ ਹੈ। ਇਸ ਬਾਰੇ ਮੀਡੀਆ ਰਿਪੋਰਟਾਂ ਦੇ ਮੁਤਾਬਕ ਸਿਹਤ ਮੰਤਰਾਲੇ ਨੇ ਕਿਹਾ ਹੈ ਕਿ ਅੱਗੇ ਤੋਂ ਸਿਰਫ ਬੀਤੇ 24 ਘੰਟਿਆਂ ਵਿੱਚ ਕੋਰੋਨਾ ਨਾਲ ਹੋਈਆਂ ਮੌਤਾਂ ਅਤੇ ਕੇਸਾਂ ਨੂੰ ਹੀ ਦਰਜ ਕੀਤਾ ਜਾਵੇਗਾ।

ਮਿਲੀ ਜਾਣਕਾਰੀ ਅਨੁਸਾਰ ਰਾਸ਼ਟਰਪਤੀ ਬੋਲਸੋਨਾਰੋ ਨੇ ਕਿਹਾ ਹੈ ਕਿ ਲਗਾਤਾਰ ਵਧਦੇ ਕੇਸ ਮੌਜੂਦਾ ਹਾਲਾਤ ਦੇ ਬਾਰੇ ਨਹੀਂ ਦੱਸਦੇ। ਸਰਕਾਰ ਦੇ ਇਸ ਫੈਸਲੇ ਦੀ ਹਰ ਪਾਸੇ ਨਿੰਦਾ ਹੋਈ ਹੈ। ਬ੍ਰਾਜ਼ੀਲ ਵੱਲੋਂ ਇਹ



ਫੈਸਲਾ ਓਦੋਂ ਕੀਤਾ ਹੈ, ਜਦੋਂ ਲਗਾਤਾਰ ਚਾਰ ਦਿਨ ਇੱਕ ਹਜ਼ਾਰ ਤੋਂ ਵੱਧ ਮੌਤਾਂ ਹੋਈਆਂ ਹਨ। ਬ੍ਰਾਜ਼ੀਲ ਇਸ ਵਕਤ ਕੋਰੋਨਾ ਵਾਇਰਸ ਵਾਲੇ ਕੇਸਾਂ ਵਿੱਚ ਦੁਨੀਆ ਭਰ ਵਿੱਚ ਅਮਰੀਕਾ ਤੋਂ ਬਾਅਦ ਦੂਜੇ ਨੰਬਰ ਉੱਤੇ ਆਉਂਦਾ ਹੈ। ਸੰਸਾਰ ਭਰ ਵਿੱਚ ਅਮਰੀਕਾ ਵਿੱਚ ਸਭ ਤੋਂ ਵੱਧ ਮੌਤਾਂ ਹੋਈਆਂ ਹਨ ਤੇ ਅੱਜ ਭਾਰਤ ਵਿੱਚ ਮੰਗਲਵਾਰ ਸਵੇਰ ਹੋਣ ਤਕ ਓਥੇ ਮੌਤਾਂ ਦੀ ਗਿਣਤੀ 1,13,051 ਹੋ ਚੁੱਕੀ ਹੈ ਅਤੇ ਓਥੇ ਕੁੱਲ 20,25,891 ਕੇਸ ਹੋਏ ਹਨ, ਜਦ ਕਿ ਬਰਾਜ਼ੀਲ ਵਿੱਚ 7,10,887 ਕੇਸ ਅਤੇ 37,312 ਮੌਤਾਂ ਦੀ ਖਬਰ ਹੈ। ਮੌਤਾਂ ਦੇ ਪੱਖੋਂ ਦੂਸਰੇ ਨੰਬਰ ਉੱਤੇ ਬਰਤਾਨੀਆ ਵਿੱਚ ਇਹ ਗਿਣਤੀ 40,597 ਦੱਸੀ ਗਈ ਹੈ। ਇਟਲੀ ਵਿੱਚ 33,964 ਮੌਤਾਂ, ਫਰਾਂਸ ਵਿੱਚ 29,209 ਤੇ ਸਪੇਨ ਵਿੱਚ 27,136 ਮੌਤਾਂ ਹੋਈਆਂ ਹਨ। ਮੈਕਸੀਕੋ ਵਿੱਚ 13,799, ਬੈਲਜੀਅਮ ਵਿੱਚ 9606 ਮੌਤਾਂ ਹੋ ਚੁੱਕੀਆਂ ਹਨ।




## ਮੋਦੀ ਨੂੰ ਕੋਰੋਨਾ ਦੇ ਦੌਰ ਦੌਰਾਨ ਮਨਰੇਗਾ ਦਾ ਮਹੱਤਵ ਪਤਾ ਲੱਗੈ : ਸੋਨੀਆ

ਨਵੀਂ ਦਿੱਲੀ, 8 ਜੂਨ, (ਪੋਸਟ ਬਿਊਰੋ)- ਕਾਂਗਰਸ ਪਾਰਟੀ ਦੀ ਪ੍ਰਧਾਨ ਸੋਨੀਆ ਗਾਂਧੀ ਨੇ ਕਿਹਾ ਹੈ ਕਿ ਮਹਾਤਮਾ ਗਾਂਧੀ ਨੈਸ਼ਨਲ ਰੋਜ਼ਗਾਰ ਯੋਜਨਾ (ਮਨਰੇਗਾ) ਬਾਰੇ ਉਲਟਾ-ਸਿੱਧਾ ਬੋਲਣ ਵਾਲੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਕੋਰੋਨਾ ਵਾਲੇ ਦੌਰ ਵਿੱਚ ਇਸ ਦਾ ਮਹੱਤਵ ਪਤਾ ਲੱਗਾ ਅਤੇ ਉਨ੍ਹਾਂ ਨੂੰ ਅਹਿਸਾਸ ਹੋ ਗਿਆ ਹੈ ਕਿ ਪਿੰਡਾਂ ਨੂੰ ਇਸ ਯੋਜਨਾ ਨਾਲ ਮਜ਼ਬੂਤ ਕੀਤਾ ਜਾ ਸਕਦਾ ਹੈ, ਇਸ ਲਈ ਗਰੀਬਾਂ ਨੂੰ ਬਰਾਬਰ ਲਾਭ ਦੇਣ ਲਈ ਇਸ ਨੂੰ ਮਹੱਤਵ ਹੈ।

ਇਸ ਸੰਬੰਧ ਵਿੱਚ ਅੱਜ ਸੋਨੀਆ ਗਾਂਧੀ ਨੇ ਕਿਹਾ ਕਿ ਨਰਿੰਦਰ ਮੋਦੀ ਨੇ ਇਸ ਯੋਜਨਾ ਲਈ ਇਤਰਾਜ਼ ਯੋਗ ਭਾਸ਼ਾ ਵਰਤੀ ਸੀ ਅਤੇ ਕਾਂਗਰਸ ਉੱਤੇ ਲਗਾਤਾਰ ਹਮਲਾ ਕਰਦੇ ਹੋਏ ਇਸ ਨੂੰ 'ਕਾਂਗਰਸ ਦੀ ਅਸਫਲਤਾ ਦਾ ਜ਼ਿੰਦਾ ਯਾਦਗਾਰ' ਕਿਹਾ ਸੀ ਅਤੇ ਫਿਰ ਪ੍ਰਧਾਨ ਮੰਤਰੀ ਬਣਨ ਦੇ ਬਾਅਦ ਇਸ ਨੂੰ ਖਤਮ ਕਰਨ, ਖੋਖਲਾ ਅਤੇ ਕਮਜ਼ੋਰ ਕਰਨ ਦੀ ਵੀ ਪੂਰੀ ਕੋਸ਼ਿਸ਼ ਕੀਤੀ ਸੀ, ਪਰ ਕੋਵਿਡ-19 ਦੀ ਮਹਾਂਮਾਰੀ ਅਤੇ ਇਸ ਤੋਂ ਬਣੇ ਆਰਥਿਕ ਹਾਲਾਤ ਨੇ ਇੱਕ ਵਾਰ ਮੋਦੀ ਸਰਕਾਰ ਨੂੰ ਇਸ ਯੋਜਨਾ ਦੇ ਮਹੱਤਵ ਦਾ ਅਹਿਸਾਸ ਕਰਵਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਮੋਦੀ ਨੂੰ ਅਹੁਦਾ ਸੰਭਾਲਣ ਮਗਰੋਂ ਇਸ ਯੋਜਨਾ ਦਾ ਮਹੱਤਵ ਓਦੋਂ ਵੀ ਸਮਝ ਆਇਆ ਸੀ, ਜਦੋਂ ਉਨ੍ਹਾਂ ਦੀ ਸਰਕਾਰ ਨੇ ਸਵੱਛ ਭਾਰਤ ਤੇ ਪ੍ਰਧਾਨ ਮੰਤਰੀ ਆਵਾਸ ਯੋਜਨਾ ਦੇ ਪ੍ਰੋਗਰਾਮਾਂ ਨਾਲ ਜੋੜ ਕੇ ਮਨਰੇਗਾ ਦਾ ਰੂਪ ਬਦਲਣ ਦੀ ਕੋਸ਼ਿਸ਼ ਕੀਤੀ ਸੀ ਅਤੇ ਏਦਾਂ ਕਰਦੇ ਵਕਤ ਕਾਂਗਰਸ ਸਰਕਾਰ ਦੀ ਬਣਾਈ ਇਸ ਯੋਜਨਾ ਦਾ ਨਾਮ ਬਦਲਣ ਦੀ ਪੂਰੀ ਕੋਸ਼ਿਸ਼ ਕੀਤੀ ਤੇ ਮਨਰੇਗਾ ਮਜ਼ਦੂਰਾਂ ਨੂੰ ਪੈਸੇ ਦੇਣ ਵਿੱਚ ਕਾਫੀ ਦੇਰੀ ਕੀਤੀ ਸੀ ਅਤੇ ਉਨ੍ਹਾਂ ਨੂੰ ਕੰਮ ਦੇਣ ਤੋਂ ਵੀ ਮਨ੍ਹਾ ਕਰ ਦਿੱਤਾ ਸੀ।

ਕਾਂਗਰਸ ਪਾਰਟੀ ਦੀ ਪ੍ਰਧਾਨ ਨੇ ਕਿਹਾ ਕਿ ਲਾਕਡਾਊਨ ਵੇਲੇ ਪੂਰੇ ਦੇਸ਼ ਦੇ ਮਜ਼ਦੂਰਾਂ ਵਿੱਚ ਰੋਜ਼ੀ-ਰੋਟੀ ਬਾਰੇ ਜਦੋਂ ਹਾਹਾਕਾਰ ਮੱਚੀ ਤਾਂ ਮਨਰੇਗਾ ਹੀ ਪਿੰਡ ਦੇ ਮਜ਼ਦੂਰਾਂ ਦੀ ਜ਼ਿੰਦਗੀ ਦਾ ਆਸਰਾ ਬਣਿਆ ਹੈ ਤੇ ਇਸ ਨੇ ਮੋਦੀ ਸਰਕਾਰ ਨੂੰ ਅਹਿਸਾਸ ਕਰਾਇਆ ਹੈ ਕਿ ਕਾਂਗਰਸ ਸਰਕਾਰ ਦੇ ਫਲੈਗਸ਼ਿਪ ਪੇਂਡੂ ਰਾਹਤ ਪ੍ਰੋਗਰਾਮ ਮੁੜ ਚਲਾਉਣ ਤੋਂ ਇਲਾਵਾ ਕੋਈ ਬਦਲ ਨਹੀਂ ਹੈ। ਇਸ ਦੇ ਬਾਅਦ ਵਿੱਤ ਮੰਤਰੀ ਨਿਰਮਲਾ ਸੀਤਾਰਮਣ ਨੇ ਮਨਰੇਗਾ ਬਜਟ ਵਿੱਚ ਇੱਕ ਲੱਖ ਕਰੋੜ ਰੁਪਏ ਤੋਂ ਵੱਧ ਦੀ ਅਲਾਟਮੈਂਟ ਦਾ ਐਲਾਨ ਕੀਤਾ ਸੀ ਤੇ ਮਈ ਵਿੱਚ 2.19 ਕਰੋੜ ਪਰਿਵਾਰਾਂ ਨੇ ਮਨਰੇਗਾ ਅਧੀਨ ਕੰਮ ਦੀ ਮੰਗ ਕੀਤੀ ਸੀ, ਜਿਹੜੀ ਪਿਛਲੇ 8 ਸਾਲਾਂ ਵਿੱਚ ਸਭ ਤੋਂ ਜ਼ਿਆਦਾ ਹੈ।

ਦੂਸਰੇ ਪਾਸੇ ਭਾਰਤੀ ਜਨਤਾ ਪਾਰਟੀ ਨੇ ਕਿਹਾ ਕਿ ਕਾਂਗਰਸ ਦੀ ਪ੍ਰਧਾਨ ਸੋਨੀਆ ਗਾਂਧੀ ਅਤੇ ਕਾਂਗਰਸ ਦੇ ਆਗੂਆਂ ਵੱਲੋਂ ਮਨਰੇਗਾ ਬਾਰੇ ਸਰਕਾਰ ਉੱਤੇ ਸਵਾਲ ਕਰਨਾ ਦੱਸਦਾ ਹੈ ਕਿ ਉਨ੍ਹਾਂ ਕੋਲ ਜਨਤਾ ਦੇ ਸਰੋਕਾਰ ਦਾ ਕੋਈ ਮੁੱਦਾ ਨਹੀਂ ਹੈ। ਅਜੇ ਵੀ ਕਾਂਗਰਸ ਨੂੰ ਕੁਝ ਬੋਲਣ ਤੋਂ ਪਹਿਲਾਂ ਅੰਕੜਿਆਂ ਨੂੰ ਵੇਖਣਾ ਚਾਹੀਦਾ ਹੈ, ਤਾਂ ਕਿ ਪਤਾ ਚੱਲੇ ਕਿ ਕਾਂਗਰਸ ਵਾਲਿਆਂ ਨੇ ਮਨਰੇਗਾ ਨੂੰ ਲੁੱਟ ਦਾ ਰੂਟ ਬਣਾ ਦਿੱਤਾ ਸੀ ਤੇ ਮੋਦੀ ਸਰਕਾਰ ਨੇ ਲੁੱਟ, ਘਪਲਾ ਅਤੇ ਭ੍ਰਿਸ਼ਟਾਚਾਰ ਦਾ ਅੱਡਾ ਬਣ ਚੁੱਕੀ ਮਨਰੇਗਾ ਯੋਜਨਾ ਨੂੰ ਪ੍ਰਭਾਵੀ ਅਤੇ ਮਜ਼ਦੂਰਾਂ ਲਈ ਵੱਧ ਯੋਗ ਬਣਾਇਆ ਹੈ।



# ਚੀਨ ਨੇ ਕੋਰੋਨਾ ਉੱਤੇ ਵਾਈਟ ਪੇਪਰ ਜਾਰੀ ਕਰ ਕੇ ਆਪਣੇ ਆਪ ਨੂੰ ਬੇਗੁਨਾਹ ਦੱਸਿਆ

ਬੀਜਿੰਗ, 8 ਜੂਨ, (ਪੋਸਟ ਬਿਊਰੋ)- ਸਾਰੀ ਦੁਨੀਆ ਵਿੱਚ ਵਾਇਰਸ ਫੈਲਾਉਣ ਦੇ ਦੋਸ਼ਾਂ ਵਿੱਚ ਘਿਰੇ ਹੋਏ ਚੀਨ ਨੇ ਇਸ ਮਹਾਮਾਰੀ ਬਾਰੇ ਇੱਕ ਵਾਈਟ ਪੇਪਰ ਜਾਰੀ ਕਰ ਕੇ ਆਪਣੇ ਆਪ ਨੂੰ ਬੇਗੁਨਾਹ ਦੱਸਿਆ ਅਤੇ ਕਿਹਾ ਹੈ ਕਿ ਉਸ ਨੇ ਇਸ ਵਾਇਰਸ ਨਾਲ ਜੁੜੀ ਕੋਈ ਵੀ ਜਾਣਕਾਰੀ ਕਦੇ ਦੁਨੀਆ ਤੋਂ ਨਹੀਂ ਲੁਕੋਈ।

ਕੱਲ੍ਹ ਸ਼ਾਮ ਜਾਰੀ ਕੀਤੇ ਗਏ ਵਾਈਟ ਪੇਪਰ ਵਿੱਚ ਚੀਨ ਨੇ ਕਿਹਾ ਹੈ ਕਿ ਪਹਿਲੀ ਵਾਰ 27 ਦਸੰਬਰ ਨੂੰ ਵਾਇਰਲ ਨਿਮੋਨੀਆ ਦੇ ਵਾਇਰਸ ਦਾ ਪਤਾ ਲੱਗਾ ਸੀ, ਪਰ ਇਨਸਾਨਾਂ ਤੋਂ ਇਨਸਾਨਾਂ ਵਿੱਚ ਇਨਫੈਕਸ਼ਨ (ਕਮਿਊਨਿਟੀ ਸਪਰੈਡ) ਦਾ ਪਤਾ 19 ਜਨਵਰੀ ਨੂੰ ਲੱਗਾ ਸੀ। ਇਸ ਪਿੱਛੋਂ ਇਸ ਨੂੰ ਰੋਕਣ ਲਈ ਸਾਰੇ ਕਦਮ ਚੁੱਕੇ ਗਏ ਸਨ। ਚੀਨ ਵੱਲੋਂ ਜਿਹੜਾ ਵਾਈਟ ਪੇਪਰ ਜਾਰੀ ਕੀਤਾ ਗਿਆ, ਉਸ ਵਿੱਚ ਪਿਛਲੇ ਸਾਲ ਵੂਹਾਨ ਵਿੱਚ ਕੋਰੋਨਾ ਫੈਲਣ ਮਗਰੋਂ ਦੇ ਸਾਰੇ ਹਾਲਾਤ ਵਿੱਚ ਚੀਨ ਵੱਲੋਂ ਕਦਮ ਚੁੱਕਣ ਵਿੱਚ ਦੇਰੀ ਦੇ ਦੋਸ਼ਾਂ ਦਾ ਖੰਡਨ ਕਰਦਾ ਸਪੱਸ਼ਟੀਕਰਨ ਦਿੱਤਾ ਗਿਆ ਹੈ। ਵਾਈਟ ਪੇਪਰ ਵਿੱਚ ਓਥੋਂ ਦੀ ਹਾਕਮ ਕਮਿਊਨਿਸਟ ਪਾਰਟੀ ਅਤੇ ਖ਼ਾਸ ਕਰ ਕੇ ਰਾਸ਼ਟਰਪਤੀ ਸ਼ੀ ਜਿਨਪਿੰਗ ਵੱਲੋਂ ਮਹਾਮਾਰੀ ਨੂੰ ਰੋਕਣ ਲਈ ਚੁੱਕੇ ਕਦਮਾਂ ਦੀ ਪ੍ਰਸ਼ੰਸਾ ਕੀਤੀ ਗਈ ਹੈ।

ਚੀਨ ਨੇ ਇਹ ਵਾਈਟ ਪੇਪਰ ਮੀਡੀਆ ਦੀਆਂ ਉਨ੍ਹਾਂ ਖ਼ਬਰਾਂ ਪਿੱਛੋਂ ਜਾਰੀ ਕੀਤਾ ਹੈ, ਜਿਨ੍ਹਾਂ ਮੁਤਾਬਕ ਵਿਸ਼ਵ ਸਿਹਤ ਸੰਗਠਨ (ਡਬਲਯੂ ਐੱਚ ਓ) ਨੇ ਭਾਵੇਂ ਚੀਨ ਦੀ ਪ੍ਰਸ਼ੰਸਾ ਕੀਤੀ ਹੋਵੇ ਪ੍ਰੰਤੂ ਵਾਇਰਸ ਦੇ ਬਾਰੇ ਜਾਣਕਾਰੀ ਦੇਣ ਵਿੱਚ ਕੋਤਾਹੀ ਤੋਂ ਇਸ ਸੰਸਾਰ ਸੰਗਠਨ ਦੇ ਅਧਿਕਾਰੀ ਨਾਰਾਜ਼ ਸਨ।

ਵਰਣਨ ਯੋਗ ਹੈ ਕਿ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ

*** ਵੈੱਟ ਮਾਰਕੀਟ ਤੋਂ ਵਾਇਰਸ ਫੈਲਣ ਦੇ ਦੋਸ਼ ਵੀ ਰੱਦ ਕੀਤੇ**

ਕਈ ਹੋਰ ਦੇਸ਼ਾਂ ਦੇ ਨੇਤਾਵਾਂ ਨੇ ਚੀਨ ਉੱਤੇ ਬਿਮਾਰੀ ਦੇ ਬਾਰੇ ਪਾਰਦਰਸ਼ਤਾ ਨਾ ਵਰਤਣ ਦਾ ਦੋਸ਼ ਲਾਇਆ ਹੈ। ਪਿੱਛੇ ਜਿਹੇ ਵਿਸ਼ਵ ਸਿਹਤ ਸੰਗਠਨ ਨੇ ਵਾਇਰਸ ਦੇ ਮੁੱਢ ਬਾਰੇ ਆਜ਼ਾਦ ਜਾਂਚ ਲਈ ਇੱਕ ਮਤਾ ਪਾਸ ਕੀਤਾ ਸੀ ਅਤੇ ਚੀਨ ਨੇ ਵੀ ਇਸ ਦਾ ਸਮੱਰਥਨ ਕੀਤਾ ਸੀ।

ਇਸ ਵਾਈਟ ਪੇਪਰ ਦੇ ਅਨੁਸਾਰ 27 ਦਸੰਬਰ ਨੂੰ ਵੂਹਾਨ ਦੇ ਇੱਕ ਹਸਪਤਾਲ ਵਿੱਚ ਵਾਇਰਸ ਦਾ ਪਤਾ ਲੱਗਣ ਦੇ ਬਾਅਦ ਸਰਕਾਰ ਨੇ ਮਰੀਜ਼ਾਂ ਦੀ ਸਥਿਤੀ ਘੋਖਣ ਲਈ ਮਾਹਿਰਾਂ ਨੂੰ ਬੁਲਾਇਆ ਤਾਂ ਜਾਂਚ ਵਿੱਚ ਪਤਾ ਲੱਗਾ ਸੀ ਕਿ ਸਾਰੇ ਕੇਸ ਵਾਇਰਲ ਨਿਮੋਨੀਆ ਦੇ ਸਨ। ਨੈਸ਼ਨਲ ਹੈਲਥ ਕਮਿਸ਼ਨ (ਐੱਨ ਐੱਚ ਸੀ) ਵੱਲੋਂ ਬਣਾਈ ਗਈ ਮਾਹਿਰਾਂ ਦੀ ਟੀਮ ਨੇ ਕਿਹਾ ਕਿ ਇਹ ਪੁਸ਼ਟੀ 19 ਜਨਵਰੀ ਨੂੰ ਹੋਈ ਸੀ ਕਿ ਵਾਇਰਸ ਦਾ ਇਨਫੈਕਸ਼ਨ ਇਨਸਾਨਾਂ ਤੋਂ



ਇਨਸਾਨਾਂ ਤੱਕ ਫੈਲ ਰਿਹਾ ਹੈ। ਐੱਨ ਐੱਚ ਸੀ ਵੱਲੋਂ ਵੂਹਾਨ ਵਿੱਚ ਜਨਵਰੀ ਦੇ ਸ਼ੁਰੂ ਵਿੱਚ ਭੇਜੇ ਗਏ ਮਾਹਿਰਾਂ ਦੇ ਗਰੁੱਪ ਵਿੱਚ ਸ਼ਾਮਲ ਚੀਨ ਦੇ ਰੋਗਾਂ ਦੇ ਮਾਹਿਰ ਵਾਂਗ ਗੁਆਂਗਫਾ ਨੇ ਕਿਹਾ ਕਿ ਜਦੋਂ ਉਹ ਵੂਹਾਨ ਵਿੱਚ ਉਤਰੇ ਤਾਂ ਉੱਥੇ ਸਿਰਫ਼ ਬੁਖਾਰ ਦੇ ਰੋਗੀ ਸਨ।

ਚੀਨ ਸਰਕਾਰ ਦੇ ਵਾਈਟ ਪੇਪਰ ਮੁਤਾਬਕ ਹੁਨਾਨ ਦੀ ਵੈੱਟ ਮਾਰਕੀਟ ਤੋਂ ਵਾਇਰਸ ਫੈਲਣ ਬਾਰੇ ਵੀ ਕੋਈ ਸਿੱਧਾ ਸਬੂਤ ਨਹੀਂ ਮਿਲਿਆ, ਜਦ ਕਿ ਪਹਿਲਾਂ ਕਿਹਾ ਜਾ ਰਿਹਾ ਸੀ ਕਿ ਉੱਥੇ ਵਿਕਦੇ ਚਮਗਿੱਦੜ ਤੇ ਪੈਂਗੋਲਿਨ ਨਾਲ ਵਾਇਰਸ ਫੈਲਿਆ ਹੈ। ਚੀਨ ਨੇ ਕਿਹਾ ਕਿ ਸਮਾਂਬੱਧ ਤਰੀਕੇ ਨਾਲ ਡਬਲਯੂ ਐੱਚ ਓ ਤੇ ਅਮਰੀਕਾ ਸਮੇਤ ਸਾਰੇ ਦੇਸ਼ਾਂ ਨੂੰ ਵਾਇਰਸ ਅਤੇ ਇਸ ਦੇ ਜੀਨੋਮ ਦੀ ਜਾਣਕਾਰੀ ਦਿੱਤੀ ਗਈ ਸੀ। ਵੂਹਾਨ ਵਿੱਚ ਵੱਡੀ ਗਿਣਤੀ ਵਿੱਚ ਇਨਫੈਕਸ਼ਨ ਦੇ ਕੇਸ ਪਤਾ ਲੱਗਣ ਪਿੱਛੋਂ ਤੇ ਚੀਨ ਦੇ ਹੋਰ ਖੇਤਰਾਂ ਵਿੱਚ ਵੀ ਏਦਾਂ ਦੇ ਕੇਸ ਆਉਣ ਪਿੱਛੋਂ ਰੋਕਥਾਮ ਤੇ ਕੰਟਰੋਲ ਦਾ ਇੱਕ ਦੇਸ਼-ਪੱਧਰੀ ਪ੍ਰੋਗਰਾਮ ਚਲਾਇਆ ਗਿਆ ਸੀ, ਜਿਸ ਨਾਲ ਬੀਮਾਰੀ ਰੋਕਣ ਵਿੱਚ ਮਦਦ ਮਿਲੀ ਹੈ।

# ਧਾਰਮਿਕ ਸਥਾਨ ਖੁੱਲ੍ਹਣ ਉੱਤੇ ਸੰਗਤਾਂ ਖੁਸ਼, ਪਾਬੰਦੀਆਂ ਅਜੇ ਵੀ ਜਾਰੀ

ਚੰਡੀਗੜ੍ਹ, 8 ਜੂਨ, (ਪੋਸਟ ਬਿਊਰੋ)- ਪੰਜਾਬ ਸਰਕਾਰ ਨੇ ਅੱਜ ਇਸ ਰਾਜ ਵਿੱਚ ਧਾਰਮਿਕ ਸਥਾਨ ਖੋਲ੍ਹਣ ਦੀ ਮਨਜ਼ੂਰੀ ਦੇ ਦਿੱਤੀ ਤਾਂ ਅੰਮ੍ਰਿਤਸਰ ਵਿੱਚ ਸ਼੍ਰੀ ਹਰਿਮੰਦਰ ਸਾਹਿਬ ਵਿਖੇ ਸੰਗਤ ਜਾਣ ਲੱਗ ਪਈ ਹੈ। ਹੋਰ ਇਤਿਹਾਸਕ ਗੁਰਦੁਆਰਾ ਸਾਹਿਬਾਨ ਵਿਖੇ ਵੀ ਸੰਗਤ ਦੀ ਆਮਦ ਸ਼ੁਰੂ ਹੋ ਗਈ ਹੈ।

ਇਸ ਦੌਰਾਨ ਕੋਰੋਨਾ ਦੀ ਮਹਾਮਾਰੀ ਕਾਰਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਬਚਾਅ ਦੇ ਸਾਰੇ ਪ੍ਰਬੰਧ ਕਰ ਰੱਖੇ ਹਨ। ਲਗਭਗ ਸਾਰੇ ਗੁਰਦੁਆਰਿਆਂ ਦੇ ਮੁੱਖ ਗੇਟਾਂ ਉੱਤੇ ਸੈਨੀਟਾਇਜ਼ਿੰਗ ਮਸ਼ੀਨ ਦਾ ਪ੍ਰਬੰਧ ਹੈ ਤੇ ਸੰਗਤ ਵੱਲੋਂ ਵੀ ਸਮਾਜਿਕ ਦੂਰੀ ਦਾ ਧਿਆਨ ਰੱਖ ਕੇ ਗੁਰੂ ਘਰਾਂ ਵਿੱਚ ਜਾਣ ਨੂੰ ਪਹਿਲ ਦਿੱਤੀ ਜਾ ਰਹੀ ਹੈ।

ਹਿੰਦੂ ਧਰਮ ਦੇ ਤੀਰਥ ਅਸਥਾਨ ਦੁਰਗਿਆਣਾ ਮੰਦਰ ਅੰਮ੍ਰਿਤਸਰ ਤੇ ਜਲੰਧਰ ਵਿੱਚ ਦੇਵੀ ਤਲਾਬ ਮੰਦਰ ਵੀ ਅੱਜ ਭਗਤਾਂ ਲਈ ਖੋਲ੍ਹ ਦਿੱਤੇ ਗਏ ਹਨ ਅਤੇ ਸਾਰੀਆਂ ਹਿਦਾਇਤਾਂ ਦਾ ਖਿਆਲ ਕਰਦੇ ਹੋਏ ਭੀੜ ਕੰਟਰੋਲ ਹੇਠ ਰੱਖਣ ਲਈ ਵਾਰੀ ਸਿਰ ਸ਼ਰਧਾਲੂਆਂ ਨੂੰ ਅੰਦਰ ਭੇਜਿਆ ਜਾਣਾ ਸ਼ੁਰੂ ਕੀਤਾ ਗਿਆ ਹੈ।

ਪੰਜਾਬ ਸਰਕਾਰ ਨੇ ਧਾਰਮਿਕ ਸਥਾਨ ਖੋਲ੍ਹਣ ਦੀ ਆਗਿਆ ਦੇ ਨਾਲ ਹਦਾਇਤਾਂ ਜਾਰੀ ਕੀਤੀਆਂ ਹਨ, ਜਿਨ੍ਹਾਂ



ਵਿੱਚ ਮਾਸਕ ਪਹਿਨਣਾ ਲਾਜ਼ਮੀ ਹੈ ਤੇ ਕੋਈ ਵੱਡਾ ਇਕੱਠ ਕਰਨ ਦੀ ਮਨਾਹੀ ਹੈ। ਪ੍ਰਸ਼ਾਦ ਤੇ ਲੰਗਰ ਬਾਰੇ ਹਾਲੇ ਕੇਂਦਰੀ ਫੈਸਲੇ ਮੁਤਾਬਕ ਪਾਬੰਦੀ ਰਹੇਗੀ। ਧਰਮ ਅਸਥਾਨਾਂ ਦੇ ਅੰਦਰ ਏਅਰ ਕੰਡੀਸ਼ਨਰ ਚਲਾਏ ਜਾ ਸਕਦੇ ਹਨ, ਪਰ ਤਾਪਮਾਨ 24 ਤੋਂ 30 ਡਿਗਰੀ ਵਿਚਾਲੇ ਰੱਖਣ ਦੀ ਹਦਾਇਤ ਹੈ, ਜਦ ਕਿ ਮੂਰਤੀਆਂ ਨੂੰ ਛੂਹਣ ਦੀ ਕਿਸੇ ਨੂੰ ਵੀ ਇਜਾਜ਼ਤ ਨਹੀਂ ਹੈ।

ਰਾਜਧਾਨੀ ਦਿੱਲੀ ਵਿੱਚ ਕਈ ਧਾਰਮਿਕ ਸਥਾਨ ਖੁੱਲ੍ਹ ਗਏ ਹਨ, ਪਰ ਅਕਸ਼ਰਧਾਮ ਮੰਦਰ ਨਹੀਂ ਖੁੱਲ੍ਹਾ। ਹਰਿਆਣਾ ਵਿੱਚ ਗੁਰੂਗ੍ਰਾਮ ਤੇ ਫਰੀਦਾਬਾਦ ਛੱਡ ਕੇ ਬਹੁਤੇ ਥਾਵਾਂ ਦੇ ਧਾਰਮਿਕ ਸਥਾਨ ਖੁੱਲ੍ਹੇ ਗਏ ਹਨ ਤੇ ਪੰਚਕੂਲਾ ਵਿਚਲਾ ਮਨਸਾ ਦੇਵੀ ਮੰਦਰ ਇੱਕ ਦਿਨ ਲੇਟ ਖੁੱਲ੍ਹੇਗਾ। ਮੱਧ ਪ੍ਰਦੇਸ਼ ਦੇ ਉਜੈਨ ਵਿੱਚ ਮਹਾਕਾਲੇਸ਼ਵਰ ਮੰਦਰ ਵਿੱਚ ਸਵੇਰੇ ਅੱਠ ਤੋਂ ਸ਼ਾਮ ਛੇ ਵਜੇ ਤਕ ਦਰਸ਼ਨ ਹੋਏ, ਪਰ ਹਾਜ਼ਰੀ ਬਹੁਤ ਜ਼ਿਆਦਾ ਨਹੀਂ ਸੀ।

ਸਮੁੱਚੇ ਦੇਸ਼ ਵਿੱਚ ਲੱਗੇ ਲਾਕਡਾਊਨ ਕਾਰਨ ਢਾਈ ਮਹੀਨੇ ਤੋਂ ਬੰਦ ਪਏ ਮਾਲਜ਼, ਹੋਟਲ ਤੇ ਰੈਸਟੋਰੈਂਟਸ ਵੀ ਅੱਜ ਸੋਮਵਾਰ ਨੂੰ ਖੁੱਲ੍ਹਣ ਲੱਗੇ ਹਨ। ਕੇਂਦਰ ਸਰਕਾਰ ਦੇ ਅਨਲਾਕ-1 ਦੇ ਨਿਰਦੇਸ਼ਾਂ ਹੇਠ ਇਨ੍ਹਾਂ ਨੂੰ ਖੋਲ੍ਹਣ ਦੀ ਛੋਟ ਹੈ ਤੇ ਇਹ ਖੁੱਲ੍ਹਣ ਵੀ ਲੱਗੇ ਹਨ, ਪਰ ਲੋਕ ਅਜੇ ਇਨ੍ਹਾਂ ਵਿੱਚ ਜਾਣ ਤੋਂ ਝਿਜਕ ਰਹੇ ਹਨ। ਕੋਰੋਨਾ ਇਨਫੈਕਸ਼ਨ ਦੇ ਹਾਲਾਤ ਨੂੰ ਦੇਖ ਕੇ ਮਹਾਰਾਸ਼ਟਰ ਅਤੇ ਤਾਮਿਲ ਨਾਡੂ ਸਮੇਤ ਕੁਝ ਰਾਜਾਂ ਨੇ ਮਾਲਜ਼ ਅਤੇ ਧਾਰਮਿਕ ਸਥਾਨ ਹਾਲੇ ਬੰਦ ਰੱਖਣ ਦਾ ਫ਼ੈਸਲਾ ਕੀਤਾ ਹੈ। ਜਿੱਥੇ ਮਾਲਜ਼ ਖੁੱਲ੍ਹੇ ਹਨ, ਓਥੇ ਕਈ ਦੁਕਾਨਦਾਰਾਂ ਨੇ ਬਾਹਰ ਗਾਹਕਾਂ ਲਈ ਸਵਾਗਤੀ ਬੋਰਡ ਲਾਏ ਸਨ। ਕੋਰੋਨਾ ਦੇ ਖ਼ਤਰੇ ਕਾਰਨ ਲੋਕ ਬਹੁਤ ਜ਼ਰੂਰੀ ਚੀਜ਼ਾਂ ਹੀ ਖ਼ਰੀਦ ਰਹੇ ਹਨ ਅਤੇ ਰੈਸਟੋਰੈਂਟਾਂ ਵਿੱਚ ਸਾਰੇ ਵੇਟਰ ਅਤੇ ਸਟਾਫ ਮਾਸਕ ਪਾ ਕੇ ਕੰਮ ਕਰਦੇ ਦੇਖੇ ਗਏ ਹਨ, ਜਦ ਕਿ ਟੇਬਲ ਉੱਤੇ ਗਾਹਕਾਂ ਦੀ ਢੁਕਵੀਂ ਦੂਰੀ ਰੱਖੀ ਗਈ ਹੈ। ਕਈ ਥਾਂ ਡਿਜੀਟਲ ਮੈਨਿਊ ਵੀ ਵਰਤਿਆ ਜਾਣ ਲੱਗ ਪਿਆ ਹੈ, ਜਿਸ ਤੋਂ ਗ੍ਰਾਹਕ ਖੁਸ਼ ਹਨ।


ukttc UK TRUCK TRAINING CENTRE PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979 | OPEN 7 DAYS uktruck1@gmail.com | Jitpal Singh Deol 647-204-1936



ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com



KARTAR FURNITURE
ਫਰਨੀਚਰ ਦੀ ਦੁਨੀਆ ਦਾ ਇੱਕੋ ਇੱਕ ਟਿਕਾਊ ਨਾਮ
ਕਰਤਾਰ ਫਰਨੀਚਰ
132"
88"
8 Seated Sofa
- ਅਸੀਂ ਸੋਫਾ ਸੈੱਟ ਖੁੱਦ ਹੱਥੀ ਤਿਆਰ ਕਰਦੇ ਹਾਂ
- ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
- ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ
Email: kartarfurnitue@live.com
Call Rajinder Singh 416.741.9657
69 Westmore Dr. #20 Etobicoke ON, M9V 3Y6



We Provide services:
- Corporation Registration
- Corporation Tax Returns
- Personal Tax Retruns
- Accounting • Book - Keeping
- H.S.T • WSIB • T4 • E-File
- Assistance in Audit with CRA
CPA CHARTERED PROFESSIONAL ACCOUNTANTS
Kamaljeet Singh Saini CPA, CGA
Chartered Professional Accountants
Off: 905-799-6292
Email: kamalgirn@gmail.com
7956 Torbram Rd, Unit #209, Brampton, ON L6T 5A2 Fax: 905-291-0741



Steinmetz & Associates
PERSONAL INJURY LAWYERS
Harry Steinmetz
Certified as Specialist by the Law Society of Ontario in Civil Litigation (with over 27yrs. of experience)
ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?
ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ
BOBBY SIDHU
partner
(Serving the Community for Over 16 yrs.)
ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।
ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੋਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।
If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust
You only pay upon settlement
GURSHARAN BOBBY SIDHU
647.539.3020
1450 Meyerside Drive, Suite 308, Mississauga | 2 OFFICES TO SERVE YOU | 55 St. Clair Ave., West, Toronto
email: bsidhu@steinmetzlawyers.ca website: www.steinmetzlawyers.ca



ਬਰਾੜ ਗਰਾਜ ਡੋਰ
ਅਸੀਂ Repair ਕਰਦੇ ਹਾਂ:
Broken Springs
Cables & Rollers
Garage Door Openers
We Install Garage Door Openers
• ਕਾਲ ਕਰੋ: 416-357-4082 •



ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ
Your Travel Safety Our Priority
JF Insurance Agency Group Inc.
Specialized in Hospital and Medical Insurance for Visitors, Canadian Travellers and International Students since 1992
Join and Represent Us
- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS
905-707-1512
905-707-1513
Molly@jfgroup.ca
Toronto Head Office: 15 wertheim court # 501 Richmond Hill, ON L4B 3H7

# ਮੁਜ਼ਾਹਰੇ ਵਿਚ ਟਰੂਡੋ ਦੇ ਹਿੱਸਾ ਲੈਣ ਤੋਂ ਲੋਕ ਭੰਬਲਭੂਸੇ ਵਿਚ : ਸ਼ੀਅਰ

...ਪੰਨਾ 1 ਦਾ ਬਾਕੀ

ਪ੍ਰਧਾਨ ਮੰਤਰੀ ਨੇ ਮੁਜ਼ਾਹਰੇ ਵਿੱਚ ਮਾਸਕ ਪਾਇਆ ਹੋਇਆ ਸੀ। ਪਰ ਕੁੱਝ ਹੋਰ ਲੋਕ, ਜਿਹੜੇ ਉੱਥੇ ਮੌਜੂਦ ਸਨ ਉਨ੍ਹਾਂ ਨੇ ਮਾਸਕ ਨਹੀਂ ਸੀ ਪਾਇਆ ਹੋਇਆ। ਟਰੂਡੋ ਨੇ ਭੀੜ ਵਿੱਚ ਕੁੱਝ ਲੋਕਾਂ ਨਾਲ ਹੱਥ ਮਿਲਾਏ। ਪਬਲਿਕ ਹੈਲਥ ਅਧਿਕਾਰੀਆਂ ਵੱਲੋਂ ਅਜਿਹਾ ਕਰਨ ਦੇ ਖਿਲਾਫ ਚੇਤਾਵਨੀ ਦਿੱਤੀ ਗਈ ਹੈ। ਸ਼ੀਅਰ ਨੇ ਆਖਿਆ ਕਿ ਟਰੂਡੋ ਨੂੰ ਇਸ ਤਰ੍ਹਾਂ ਭੀੜ ਵਿੱਚ ਵੇਖ ਕੇ ਲੋਕ ਪਰੇਸ਼ਾਨ ਅਤੇ ਭੰਬਲਭੂਸੇ ਵਿੱਚ ਹਨ। ਜਦੋਂ ਪ੍ਰਧਾਨ ਮੰਤਰੀ ਹੀ ਸਿਹਤ ਸਬੰਧੀ ਜਾਰੀ ਦਿਸ਼ਾ ਨਿਰਦੇਸ਼ ਜਾਂ ਸਿਫਾਰਸ਼ਾਂ ਦਾ ਪਾਲਣ ਨਹੀਂ ਕਰ ਰਹੇ ਤਾਂ ਲੋਕਾਂ ਤੋਂ ਕੀ ਉਮੀਦ ਕੀਤੀ ਜਾ ਸਕਦੀ ਹੈ। ਸੋਮਵਾਰ ਨੂੰ ਟਰੂਡੋ ਨੇ ਆਖਿਆ ਕਿ ਦੇਸ਼ ਨੂੰ ਮੁਜ਼ਾਹਰਿਆਂ ਤੇ ਸਿਹਤ ਸਬੰਧੀ ਮਾਪਦੰਡਾਂ ਵਿੱਚ ਸਹੀ ਤਾਲਮੇਲ ਬਿਠਾਉਣਾ ਹੋਵੇਗਾ। ਅਸੀਂ ਦੁਨੀਆਂ ਨੂੰ ਬਿਹਤਰ ਬਣਾਉਣ ਲਈ ਭਾਵੇਂ ਰੋਸ ਮੁਜ਼ਾਹਰੇ ਕਰ ਰਹੇ ਹੋਈਏ ਪਰ ਸਾਨੂੰ ਪਬਲਿਕ ਹੈਲਥ ਐਡਵਾਈਸ ਜ਼ਰੂਰ ਮੰਨਣੀ ਚਾਹੀਦੀ ਹੈ। ਟਰੂਡੋ ਨੇ ਆਖਿਆ ਕਿ ਉਹ ਰੈਲੀ ਵਿੱਚ ਕਮਿਊਨਿਟੀ ਆਗੂਆਂ ਤੇ ਬਲੈਕ ਕੈਨੇਡੀਅਨਾਂ ਦੀਆਂ ਮੰਗਾਂ ਸੁਣਨ ਲਈ ਤੇ ਉਨ੍ਹਾਂ ਦੇ ਸਮਰਥਨ ਵਿੱਚ ਹੀ ਉੱਥੇ ਗਏ ਸਨ।

ਕੈਨੇਡੀਅਨ ਪੰਜਾਬੀ ਪੋਸਟ

Punjabipost.ca
905-793-2202
27 Armthorpe Rd #3,
Brampton, L6T 5M4

Founder Editor — Jagdish Singh Grewal
Managing Director — Parminder Kaur Grewal
Contributing Editors — Gyan Singh; Angrej Singh
Office Admin — Priya Dhillon
Graphic Designer — Priya Dhillon
Photographer — Kanwaljit Singh Kanwal
Distributer — Aman Warraich

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

## ਓਨਟਾਰੀਓ ਵਿੱਚ ਸ਼ੁੱਕਰਵਾਰ ਤੋਂ ਸ਼ੁਰੂ ਹੋਣਗੇ ਰੈਸਟੋਰੈਂਟਸ, ਮਾਲਜ਼ ਤੇ ਸੈਲੂਨਜ਼

...ਪੰਨਾ 1 ਦਾ ਬਾਕੀ

ਇਸ ਦਾ ਐਲਾਨ ਪ੍ਰੋਵਿੰਸ ਵੱਲੋਂ ਅੱਜ ਦੁਪਹਿਰ ਨੂੰ ਕੀਤਾ ਗਿਆ। ਗ੍ਰੇਟਰ ਟੋਰਾਂਟੋ ਏਰੀਆ ਦੇ ਨਾਲ ਨਾਲ ਨਾਇਗਰਾ ਤੇ ਵਿੰਡਸਰ ਉਨ੍ਹਾਂ ਇਲਾਕਿਆਂ ਵਿੱਚ ਸ਼ਾਮਲ ਨਹੀਂ ਹਨ ਜਿਹੜੇ ਦੂਜੇ ਪੜਾਅ ਵਿੱਚ ਦਾਖਲ ਹੋਣ ਜਾ ਰਹੇ ਹਨ। ਇਸ ਸੂਚੀ ਵਿੱਚੋਂ ਬਾਹਰ ਰੱਖੇ ਗਏ ਰੀਜਨ ਪਹਿਲੇ ਪੜਾਅ ਵਿੱਚ ਹੀ ਰਹਿਣਗੇ।

ਪ੍ਰੋਵਿੰਸ ਨੇ ਆਖਿਆ ਕਿ ਹਰ ਹਫਤੇ ਦੇ ਸ਼ੁਰੂ ਵਿੱਚ ਸਰਕਾਰ ਵੱਲੋਂ ਪਹਿਲੇ ਪੜਾਅ ਵਿੱਚ ਰਹਿਣ ਵਾਲੇ ਇਲਾਕਿਆਂ ਬਾਰੇ ਦੱਸਿਆ ਜਾਇਆ ਕਰੇਗਾ ਕਿ ਉਹ ਅਗਲੇ ਪੜਾਅ ਵਿੱਚ ਦਾਖਲ ਹੋਣ ਦੇ ਯੋਗ ਹਨ ਜਾਂ ਨਹੀਂ।

## ਸਿੱਧੂ ਮੂਸੇਵਾਲੇ ਨੂੰ ਜਾਣਬੁੱਝ ਕੇ ਗ੍ਰਿਫਤਾਰ ਨਾ ਕਰਨ ਵਿਰੁੱਧ ਡੀ ਜੀ ਪੀ ਨੂੰ ਮੰਗ ਪੱਤਰ

ਚੰਡੀਗੜ੍ਹ, 8 ਜੂਨ (ਪੋਸਟ ਬਿਊਰੋ)- ਚਰਚਿਆਂ ਵਿੱਚ ਰਹਿਣ ਵਾਲੇ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਵਿਰੁੱਧ ਪੁਲਸ ਜ਼ਿਲਾ ਬਰਨਾਲਾ ਅਤੇ ਸੰਗਰੂਰ ਵਿਖੇ ਦੋ ਵੱਖ-ਵੱਖ ਕੇਸ ਦਰਜ ਹਨ ਤੇ ਇਸ ਉੱਤੇ ਆਰਮਜ਼ ਐਕਟ ਲੱਗਾ ਹੋਣ ਕਰ ਕੇ ਇਸ ਨੂੰ ਗ੍ਰਿਫਤਾਰ ਕੀਤਾ ਜਾਣਾ ਬਣਦਾ ਹੈ, ਇਸ ਦੇ ਬਾਵਜੂਦ ਪੁਲਸ ਉਸ ਨੂੰ ਵੇਖ ਕੇ ਵੀ ਗ੍ਰਿਫਤਾਰ ਨਹੀਂ ਕਰਦੀ। ਪੰਜਾਬ ਹਰਿਆਣਾ ਹਾਈ ਕੋਰਟ ਦੇ ਵਕੀਲਾਂ ਹਾਕਮ ਸਿੰਘ, ਸਿਮਰਨਜੀਤ ਕੌਰ ਗਿੱਲ ਆਰ ਟੀ ਆਈ ਕਾਰਜਕਰਤਾ ਪਰਵਿੰਦਰ ਸਿੰਘ ਕਿੱਤਣਾ, ਕੁਲਦੀਪ ਸਿੰਘ ਮਾਨ ਨੇ ਪੰਜਾਬ ਦੇ ਡੀ ਜੀ ਪੀ ਦਿਨਕਰ ਗੁਪਤਾ ਨੂੰ ਇਸ ਬਾਰੇ ਵਿੱਚ ਇੱਕ ਮੰਗ ਪੱਤਰ ਭੇਜ ਕੇ ਇਸ ਬਾਰੇ ਕਾਰਵਾਈ ਕਰਨ ਦੀ ਮੰਗ ਕੀਤੀ ਹੈ।

ਬੀਤੀ ਚਾਰ ਮਈ 2020 ਨੂੰ ਇਨ੍ਹਾਂ ਸਾਰਿਆਂ ਨੇ ਇੱਕ ਪੱਤਰ ਮੁੱਖ ਮੰਤਰੀ ਪੰਜਾਬ, ਐਡੀਸ਼ਨਲ ਚੀਫ ਸੈਕਟਰੀ ਹੋਮ ਅਤੇ ਨਿਆਂ ਵਿਭਾਗ ਪੰਜਾਬ ਤੇ ਪੰਜਾਬ ਪੁਲਸ ਦੇ ਡੀ ਜੀ ਪੀ ਨੂੰ ਭੇਜ ਕੇ ਸਿੱਧੂ ਮੂਸੇਵਾਲਾ (ਸ਼ੁਭਦੀਪ ਸਿੰਘ ਪੁੱਤਰ ਭੋਲਾ ਸਿੰਘ ਪਿੰਡ ਮੂਸਾ ਜ਼ਿਲਾ ਮਾਨਸਾ) ਵਿਰੁੱਧ ਕੇਸ ਦਰਜ ਕਰਨ ਤੇ ਉਸ ਨੂੰ ਗ੍ਰਿਫਤਾਰ ਕਰ ਕੇ ਕਾਰਵਾਈ ਕਰਨ ਦੀ ਮੰਗ ਕੀਤੀ ਸੀ। ਉਸ ਤੋਂ ਅਗਲੇ ਦਿਨ ਇੱਕ ਹੋਰ ਪੱਤਰ ਭੇਜ ਕੇ ਉਸ ਵਿਰੁੱਧ ਆਰਮਜ਼ ਐਕਟ ਲਾਉਣ ਤੇ ਹਥਿਆਰ ਰਿਕਵਰ ਕਰਨ ਦੀ ਮੰਗ ਵੀ ਕੀਤੀ ਗਈ ਸੀ। ਅਜਿਹੇ ਵਿੱਚ ਤਾਜ਼ਾ ਘਟਨਾ, ਜਿੱਥੇ ਸਿੱਧੂ ਮੂਸੇਵਾਲਾ ਨੂੰ ਪੁਲਸ ਅਫਸਰਾਂ ਨੇ ਜਾਣਬੁੱਝ ਕੇ ਗ੍ਰਿਫਤਾਰ ਕਰਨ ਦੀ ਥਾਂ ਚਲੇ ਜਾਣ ਦਾ ਮੌਕਾ ਦਿੱਤਾ ਸੀ, ਨਾਲ ਇੱਕ ਵਾਰ ਫਿਰ ਪੰਜਾਬ ਦੇ ਇਨਸਾਫ ਪਸੰਦ ਲੋਕ ਤੇ ਪੁਲਸ ਵਾਲੇ ਸ਼ਰਮਸਾਰ ਹੋਏ ਦੱਸੇ ਜਾਂਦੇ ਹਨ। ਨਵੇਂ ਮੰਗ ਪੱਤਰ ਵਿੱਚ ਕਿਹਾ ਗਿਆ ਕਿ ਛੇ ਜੂਨ 2020 ਨੂੰ ਥਾਣਾ ਨਾਭਾ (ਜ਼ਿਲਾ ਪਟਿਆਲਾ) ਦੇ ਐਸ ਐਚ ਓ ਦੀ ਅਗਵਾਈ ਵਿੱਚ ਸਿੱਧੂ ਮੂਸੇਵਾਲਾ ਨੂੰ ਨਾਕੇ 'ਤੇ ਰੋਕਿਆ ਤਾਂ ਇਸ ਦੌਰਾਨ ਪੰਜਾਬ ਹਰਿਆਣਾ ਹਾਈ ਕੋਰਟ ਦੇ ਇੱਕ ਵਕੀਲ ਰਵੀ ਜੋਸ਼ੀ ਹੁਰਾਂ ਨੇ ਐੱਸ ਐੱਚ ਓ ਨੂੰ ਮੋਬਾਈਲ ਫੋਨ 'ਤੇ ਦੱਸਿਆ ਕਿ ਫੜੇ ਗਏ ਵਿਅਕਤੀ ਸਿੱਧੂ ਮੂਸੇਵਾਲਾ ਵਿਰੁੱਧ ਪੁਲਸ ਜ਼ਿਲਾ ਬਰਨਾਲਾ ਅਤੇ ਸੰਗਰੂਰ ਵਿਖੇ ਦੋ ਵੱਖ-ਵੱਖ ਕੇਸ ਦਰਜ ਹਨ ਅਤੇ ਇਸ 'ਤੇ ਆਰਮਜ਼ ਐਕਟ ਲੱਗਾ ਹੋਣ ਕਰ ਕੇ ਇਸ ਨੂੰ ਗ੍ਰਿਫਤਾਰ ਕਰਨਾ ਬਣਦਾ ਹੈ। ਇਸ ਦੀ ਰਿਕ-ਾਰਡਿੰਗ ਸੋਸ਼ਲ ਮੀਡੀਆ 'ਤੇ ਵੀ ਵਾਇਰਲ ਹੋ ਰਹੀ ਹੈ। ਇਸ ਦੇ ਬਾਵਜੂਦ ਸਿੱਧੂ ਮੂਸੇਵਾਲਾ ਦੀ ਗ੍ਰਿਫਤਾਰੀ ਤੋਂ ਪੁਲਸ ਨੇ ਕੰਨੀ ਕਤਰਾਈ ਅਤੇ ਉਸ ਨੂੰ ਜਾਣ ਦਿੱਤਾ ਗਿਆ ਸੀ।

## ਟੋਰਾਂਟੋ ਪੁਲਿਸ ਚੀਫ ਮਾਰਕ ਸਾਂਡਰਸ ਵੱਲੋਂ ਅਸਤੀਫਾ ਦੇਣ ਦਾ ਐਲਾਨ

...ਪੰਨਾ 1 ਦਾ ਬਾਕੀ

ਉਨ੍ਹਾਂ ਆਖਿਆ ਕਿ ਹੁਣ ਉਹ ਫਰੀ ਏਜੰਟ ਹਨ। ਸਾਂਡਰਸ ਨੇ ਆਖਿਆ ਕਿ ਉਹ ਪੂਰਾ ਸਮਾਂ ਆਪਣੇ ਪਰਿਵਾਰ ਤੇ ਪਤਨੀ ਨੂੰ ਦੇਣਾ ਚਾਹੁੰਦੇ ਹਨ। 2017 ਵਿੱਚ ਸਾਂਡਰਸ ਦਾ ਕਿਡਨੀ ਟਰਾਂਸਪਲਾਂਟ ਹੋਇਆ ਸੀ ਪਰ ਇਸ ਫੈਸਲੇ ਵਿੱਚ ਉਨ੍ਹਾਂ ਦੀ ਸਿਹਤ ਕੋਈ ਕਾਰਨ ਨਹੀਂ ਦੱਸੀ ਜਾ ਰਹੀ। ਉਨ੍ਹਾਂ ਆਖਿਆ ਕਿ ਇਸ ਸਮੇਂ ਉਹ ਆਪਣੇ ਪਰਿਵਾਰ ਨਾਲ ਵੱਧ ਤੋਂ ਵੱਧ ਸਮਾਂ ਗੁਜ਼ਾਰਨਾ ਚਾਹੁੰਦੇ ਹਨ। ਟੋਰਾਂਟੋ ਦੇ ਪਹਿਲੇ ਬਲੈਕ ਪੁਲਿਸ ਚੀਫ ਸਾਂਡਰਸ ਨੂੰ ਅਪਰੈਲ 2015 ਵਿੱਚ ਇਸ ਅਹੁਦੇ ਉੱਤੇ ਨਿਯੁਕਤ ਕੀਤਾ ਗਿਆ ਸੀ। ਉਨ੍ਹਾਂ ਪੁਲਿਸ ਵਿਭਾਗ ਵਿੱਚ 37 ਸਾਲ ਨੌਕਰੀ ਕੀਤੀ।

ਇਸ ਮੌਕੇ ਟੋਰਾਂਟੋ ਦੇ ਮੇਅਰ ਜੌਹਨ ਟੋਰੀ ਨੇ ਸਾਂਡਰਸ ਵੱਲੋਂ ਵਧੀਆ ਸੇਵਾਵਾਂ ਦੇਣ ਬਦਲੇ ਉਨ੍ਹਾਂ ਦਾ ਧੰਨਵਾਦ ਵੀ ਕੀਤਾ।

## ਹਾਦਸੇ ਵਿੱਚ ਮੋਟਰ ਸਾਈਕਲ ਸਵਾਰ ਦੀ ਮੌਤ

ਬਠਿੰਡਾ, 8 ਜੂਨ (ਪੋਸਟ ਬਿਊਰੋ)- ਬਠਿੰਡਾ-ਡਬਵਾਲੀ ਰੋਡ 'ਤੇ ਗਹਿਰੀ ਬੁੱਟਰ ਤੇ ਗੁਰੂਸਰ ਸੈਣੇ ਵਿਚਕਾਰ ਰਾਤ ਵੇਲੇ ਇੱਕ ਟਰਾਲੇ ਦੀ ਲਪੇਟ ਵਿੱਚ ਆਉਣ ਨਾਲ ਮੋਟਰ ਸਾਈਕਲ ਸਵਾਰ ਦੀ ਮੌਤ ਹੋ ਗਈ। ਇਸ ਬਾਰੇ ਥਾਣਾ ਸੰਗਤ ਪੁਲਸ ਨੇ ਕਾਰਵਾਈ ਸ਼ੁਰੂ ਕਰ ਦਿੱਤੀ ਅਤੇ ਅਣਪਛਾਤੇ ਟਰਾਲਾ ਡਰਾਈਵਰ 'ਤੇ ਕੇਸ ਦਰਜ ਕਰ ਲਿਆ ਹੈ।

ਮ੍ਰਿਤਕ ਮੋਟਰ ਸਾਈਕਲ ਸਵਾਰ ਦੀ ਪਛਾਣ ਸੁਰੇਸ਼ ਸਿੰਘ (35) ਪੁੱਤਰ ਸਤਪਾਲ ਸਿੰਘ ਵਾਸੀ ਭੁੱਚੋ ਮੰਡੀ ਵਜੋਂ ਹੋਈ ਹੈ। ਇਸ ਬਾਰੇ ਸਹਾਰਾ ਕਲੱਬ ਦੇ ਪ੍ਰਧਾਨ ਵਿਜੇ ਗੋਇਲ ਨੇ ਦੱਸਿਆ ਕਿ ਬਠਿੰਡਾ-ਡਬਵਾਲੀ ਰੋਡ 'ਤੇ ਗਹਿਰੀ ਬੁੱਟਰ ਤੇ ਗੁਰੂਸਰ ਸੈਣੇ ਵਿਚਕਾਰ ਹਾਦਸੇ ਦੀ ਸੂਚਨਾ ਮਿਲੀ ਸੀ ਅਤੇ ਇਸ ਦਾ ਪਤਾ ਲੱਗਦੇ ਹੀ ਜਦ ਉਨ੍ਹਾਂ ਦੇ ਟੀਮ ਮੈਂਬਰ ਪਹੁੰਚੇ ਤਾਂ ਬਾਈਕ ਸਵਾਰ ਦੀ ਮੌਤ ਹੋ ਚੁੱਕੀ ਸੀ।

ਹੈਲਪਰ ਦੀ ਲੋੜ ਹੈ



Construction Company
FULL TIME WORK
416-618-3358 | 905-789-7783

A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ




ਲੇਡੀਜ਼ ਇੰਸਟ੍ਰਕਟਰ
647-998-7500 ਬਲਵਿੰਦਰ

Visions of Punjab



VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal
Co-Host



Iqbal Mahal
Producer & Host
Serving the South Asian Community Since 1976

BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005



AZ Tractor trailer program
Manual transmission & backup training everyday
We welcome welfare workers & compensation clients
Open Seven Days
Forklift Re-Certification Only $79.00/-




Karnail Singh
416.670.3173 | 905.799.7333

GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 ● For Marketing 647-656-6648

ਕਾਮਿਆਂ ਦੀ ਲੋੜ
ਨਰਸਰੀ ਵਿੱਚ ਕੰਮ ਕਰਨ ਲਈ ਬੰਦਿਆਂ ਦੀ ਲੋੜ ਹੈ। ਰੋਜਾਨਾ ਕੰਮ ਅਤੇ ਚੰਗੀ ਪੇਅ ਦਿੱਤੀ ਜਾਵੇਗੀ।
ਰਾਈਡ ਦੀ ਵੀ ਪੂਰਾ ਪ੍ਰਬੰਧ ਹੈ।
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:
647-764-3637

PUNJABI RANG RADIO




CAIO 530AM
11pm-12am
Every Saturday
Chamkaur Singh
Producer/ Host
Cell: 416 662 1313
Email: punjabirang13@hotmail.com

ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ
ਅਵਤਾਰ ਸਿੰਘ ਟਿਵਾਣਾ




- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

Avtar Singh Tiwana
Sales Representative
Tel: 905.793.5777
416.802.5866
31 Melanie Dr. Unit #4 Brampton, ON L6T 5H8



FOR SALE
$369,900
2645 KIPLING AVE
ਬਹੁਤ ਹੀ ਵਧੀਆ ਲੋਕੇਸ਼ਨ ਤੇ 2 ਬੈਡਰੂਮ ਅਤੇ 2 ਵਾਸ਼ਰੂਮ ਦਾ ਕਾਂਡੋ, ਸਾਰਾ ਘਰ ਰੈਨੋਵੇਟਡ, ਬਹੁਤ ਸਾਰੀ ਸਟੋਰੇਜ ਲਈ ਥਾਂ, ਪਹਿਲੀ ਵਾਰ ਘਰ ਖਰੀਦਣ ਵਾਲਿਆਂ ਲਈ ਸੁਨਹਿਰੀ ਮੌਕਾ ਹੈ। ਬਹੁਤ ਸਾਰੀ ਬਾਹਰੋ ਰੋਸ਼ਨੀ ਘਰ ਦੇ ਅੰਦਰ ਆਉਂਦੀ ਹੈ। ਬਹੁਤ ਹੀ ਚੰਗੀ ਤਰ੍ਹਾਂ ਮੈਨਟੇਨ ਕੀਤਾ ਘਰ ਹੈ। ਬਸ ਸਟਾਪ, ਏਅਰਪੋਰਟ, ਸਕੂਲ ,ਹਾਈਵੇ ਆਦਿ ਸਹੂਲਤਾਂ ਦੇ ਨੇੜੇ ਹੈ ।



FOR SALE
$120,000
VAUGHAN
ਬਹੁਤ ਹੀ ਵਧੀਆ ਲੋਕੇਸ਼ਨ ਤੇ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ, ਵਧੀਆ ਚਲ ਰਿਹਾ ਬਿਊਟੀ ਸੈਲੂਨ। ਰੈਂਟ ਸਿਰਫ $3324/ਮਹੀਨਾ।



SOLD
Bovaird/Worthington
8 ਬੈਡਰੂਮ, 4 ਵਾਸ਼ਰੂਮ ਦਾ ਡਬਲ ਸਟੋਰੀ ਦੇ ਡਿਟੈਚਡ ਘਰ । ਸੇਪਰੇਟ ਲਿਵਿੰਗ ਤੇ ਡਾਇਨਿੰਗ ਰੂਮ, ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਬਸਾਂ ਆਦਿ ਦੇ ਨੇੜੇ ।

NEED A LAWYER ??
KAUR LAW OFFICE
Red Seal NOTARY



MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
- Skilled Worker Category
- Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization



BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

AMAN TRAVEL
SPECIAL FARES TO DELHI & AMRITSAR | LAST MINUTE DEALS AVAILABLE



ਅਮਨ ਟਰੈਵਲ
Gaurav Gupta
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ



TICO # 50022741
or Visit us at:
218 Kingknoll Dr., Brampton, ON L6Y 4X4

## ਅਮਰੀਕਾ ਦੀ ਕਮਜ਼ੋਰੀ ਮੁੜ ਉਜਾਗਰ

-ਡਾਕਟਰ ਸੁਧੀਰ ਸਿੰਘ

ਕੁਝ ਦਿਨ ਪਹਿਲਾਂ ਅਮਰੀਕਾ ਵਿੱਚ ਗੈਰ ਗੋਰੇ ਨਾਗਰਿਕ ਜਾਰਜ ਫਲਾਇਡ ਦੀ ਪੁਲਸ ਹਿਰਾਸਤ ਵਿੱਚ ਦਰਦਨਾਕ ਮੌਤ ਨੇ ਕੋਰੋਨਾ ਵਾਇਰਸ ਦੀ ਇਨਫੈਕਸ਼ਨ ਨਾਲ ਜੂਝ ਰਹੇ ਅਮਰੀਕਾ ਲਈ ਨਵਾਂ ਸੰਕਟ ਖੜ੍ਹਾ ਕਰ ਦਿੱਤਾ ਹੈ। ਅਮਰੀਕਾ ਕੋਰੋਨਾ ਸੰਕਟ ਦੇ ਨਾਲ ਗੈਰ ਗੋਰੇ ਲੋਕਾਂ ਦੇ ਵਿਰੋਧ ਪ੍ਰਦਰਸ਼ਨ, ਉਨ੍ਹਾਂ ਦੇ ਗੁੱਸੇ ਅਤੇ ਅਰਾਜਕਤਾ ਨਾਲ ਵੀ ਉਲਝ ਗਿਆ ਹੈ। ਜਾਰਜ ਫਲਾਇਡ ਦੀ ਮੌਤ ਕਾਰਨ ਸਭ ਅਮਰੀਕੀ ਗੁੱਸੇ ਵਿੱਚ ਹਨ। ਉਥੇ ਵੱਡੇ ਪੱਧਰ 'ਤੇ ਪ੍ਰਦਰਸ਼ਨ ਹੋ ਰਹੇ ਹਨ ਅਤੇ ਕਈ ਥਾਈਂ ਇਨ੍ਹਾਂ ਪ੍ਰਦਰਸ਼ਨਾਂ ਨੇ ਇੰਨਾ ਹਿੰਸਕ ਰੂਪ ਧਾਰ ਲਿਆ ਕਿ ਕਰਫਿਊ ਲਾਉਣਾ ਪਿਆ ਹੈ।

ਇਹ ਸਭ ਓਦੋਂ ਹੋ ਰਿਹਾ ਹੈ ਜਦ ਕੋਰੋਨਾ ਦੀ ਮਹਾਂਮਾਰੀ ਕਾਰਨ ਅਮਰੀਕਾ ਵਿੱਚ ਇੱਕ ਲੱਖ ਤੋਂ ਵੱਧ ਲੋਕਾਂ ਦੀਆਂ ਮੌਤਾਂ ਹੋਈਆਂ ਹਨ। ਜ਼ਾਹਰ ਹੈ ਕਿ ਇਸ ਕਾਰਨ ਵੀ ਲੋਕਾਂ ਵਿੱਚ ਗੁੱਸਾ ਹੈ। ਜਾਰਜ ਦੀ ਪੁਲਸ ਹਿਰਾਸਤ ਵਿੱਚ ਮੌਤ ਕਾਰਨ ਹੋ ਰਹੇ ਪ੍ਰਦਰਸ਼ਨਾਂ ਨੇ ਰਾਸ਼ਟਰਪਤੀ ਡੋਨਾਲਡ ਟਰੰਪ ਦੀਆਂ ਮੁਸ਼ਕਲਾਂ ਨੂੰ ਕਈ ਗੁਣਾ ਵਧਾ ਦਿੱਤਾ ਹੈ। ਇਸੇ ਨਵੰਬਰ ਵਿੱਚ ਅਮਰੀਕਾ ਵਿੱਚ ਰਾਸ਼ਟਰਪਤੀ ਚੋਣ ਹੋਣੀ ਹੈ। ਚੋਣ ਤੋਂ ਪਹਿਲਾਂ ਵਾਲੇ ਸਰਵੇਖਣਾਂ ਮੁਤਾਬਕ ਰਾਸ਼ਟਰਪਤੀ ਟਰੰਪ ਆਪਣੇ ਡੈਮੋਕ੍ਰੇਟਿਕ ਵਿਰੋਧੀ ਜੋਅ ਬਿਡੇਨ ਤੋਂ ਪੱਛੜ ਗਏ ਹਨ। ਉਂਜ ਅਮਰੀਕਾ ਦਾ ਗੈਰ ਗੋਰਾ ਸਮਾਜ ਕਿਸੇ ਨਾ ਕਿਸੇ ਸਮੱਸਿਆ ਬਾਰੇ ਪਹਿਲਾਂ ਵੀ ਸੜਕਾਂ 'ਤੇ ਉਤਰਦਾ ਰਿਹਾ ਹੈ, ਪਰ ਇਸ ਵਾਰ ਉਹ ਆਪਣਾ ਗੁੱਸਾ ਬਹੁਤ ਅੱਗ ਬਬੂਲਾ ਹੋ ਕੇ ਜ਼ਾਹਰ ਕਰ ਰਿਹਾ ਹੈ। ਇਹ ਪਹਿਲੀ ਵਾਰ ਹੈ ਕਿ ਵਿਰੋਧੀ ਪ੍ਰਦਰਸ਼ਨਾਂ ਦੇ ਨਾਲ ਵੱਡੇ ਪੈਮਾਨੇ 'ਤੇ ਅੱਗਜ਼ਨੀ ਅਤੇ ਲੁੱਟ ਖੋਹ ਹੋ ਰਹੀ ਹੈ। ਅਮਰੀਕਾ ਵਿਚਲੇ ਗੈਰ ਗੋਰੇ ਲੋਕਾਂ ਦੇ ਸਮਰਥਨ ਵਿੱਚ ਯੂਰਪ ਦੇ ਕਈ ਦੇਸ਼ਾਂ ਵਿੱਚ ਵੀ ਮੁਜ਼ਾਹਰੇ ਹੋਣ ਲੱਗੇ ਹਨ।

ਇੱਕ ਤਰ੍ਹਾਂ ਜਾਰਜ ਦੀ ਮੌਤ, ਜਿਸ ਨੂੰ ਹੱਤਿਆ ਦਾ ਨਾਂਅ ਦਿੱਤਾ ਜਾ ਰਿਹਾ ਹੈ, ਕੌਮਾਂਤਰੀ ਮਸਲਾ ਬਣਦਾ ਜਾ ਰਿਹਾ ਹੈ। ਪੋਪ ਫਰਾਂਸਿਸ ਨੇ ਜਾਰਜ ਦੀ ਮੌਤ ਦੇ ਵਿਰੋਧ ਵਿੱਚ ਅਮਰੀਕਾ ਵਿੱਚ ਹੋਏ ਮੁਜ਼ਾਹਰਿਆਂ 'ਤੇ ਚਿੰਤਾ ਜ਼ਾਹਰ ਕਰਦਿਆਂ ਕਿਹਾ ਹੈ ਕਿ ਨਸਲਵਾਦ ਨੂੰ ਅਸੀਂ ਹਰਗਿਜ਼ ਬਰਦਾਸ਼ਤ ਨਹੀਂ ਕਰ ਸਕਦੇ। ਈਰਾਨ ਦੇ ਸਰਬਉਚ ਨੇਤਾ ਆਇਤੁੱਲ੍ਹਾ ਅਲੀ ਖੁਮੈਨ ਨੇ ਵੀ ਮਨੁੱਖੀ ਹੱਕਾਂ ਨੂੰ ਲੈ ਕੇ ਅਮਰੀਕਾ 'ਤੇ ਹੱਲਾ ਬੋਲਿਆ ਹੈ। ਉਨ੍ਹਾਂ ਕਿਹਾ ਕਿ ਮੌਜੂਦਾ ਸਮੇਂ ਅਮਰੀਕਾ ਵਿੱਚ ਜੋ ਕੁਝ ਹੋ ਰਿਹਾ ਹੈ, ਇਹ ਕੋਈ ਨਵਾਂ ਵਰਤਾਰਾ ਨਹੀਂ ਹੈ। ਜਾਰਜ ਫਲਾਇਡ ਦੀ ਮੌਤ ਕਾਰਨ ਲੋਕਾਂ ਵਿੱਚਲ ਕਿੰਨਾ ਗੁੱਸਾ ਹੈ, ਇਸ ਦਾ ਅੰਦਾਜ਼ਾ ਇਸ ਗੱਲੋਂ ਵੀ ਲਾਇਆ ਜਾ ਸਕਦਾ ਹੈ ਕਿ ਅੱਜ ਤੱਕ ਅਮਰੀਕਾ ਵਿੱਚ ਵੱਡੇ ਪੱਧਰ 'ਤੇ ਰੋਸ ਮੁਜ਼ਾਹਰੇ ਹੋ ਰਹੇ ਹਨ ਅਤੇ ਉਸ ਨੂੰ ਇਨਸਾਫ ਦਿਵਾਉਣ ਲਈ ਲੋਕਾਂ ਨੂੰ ਅਮਰੀਕੀ ਪਾਰਲੀਮੈਂਟ ਦੇ ਬਾਹਰ ਗੋਡਿਆਂ ਭਾਰ ਬੈਠ ਕੇ ਰੋਸ ਪ੍ਰਗਟ ਕੀਤਾ ਹੈ ਤੇ ਉਹ 'ਸਾਇਲੈਂਸ ਇਜ਼ ਵਾਇਲੈਂਸ' ਅਤੇ 'ਨੋ ਜਸਟਿਸ ਨੋ ਪੀਸ' ਵਰਗੇ ਨਾਅਰੇ ਲਾ ਰਹੇ ਸਨ। ਰਾਇਟਰ ਅਤੇ ਇਪਸੋਸ ਵੱਲੋਂ ਕੀਤੇ ਸਰਵੇਖਣ ਤੋਂ ਪਤਾ ਲੱਗਦਾ ਹੈ ਕਿ ਜ਼ਿਆਦਾਤਰ ਲੋਕ ਪ੍ਰਦਰਸ਼ਨਕਾਰੀਆਂ ਪ੍ਰਤੀ ਹਮਦਰਦੀ ਰੱਖਦੇ ਹਨ। ਸਰਵੇਖਣ ਵਿੱਚ ਸ਼ਾਮਲ 64 ਫੀਸਦੀ ਅਮਰੀਕੀ ਲੋਕਾਂ ਮੁਜ਼ਾਹਰਾਕਾਰੀਆਂ ਨਾਲ ਖੜ੍ਹਦੇ ਦਿਖਾਈ ਦਿੱਤੇ, 27 ਫੀਸਦੀ ਨੇ ਉਲਟ ਰਾਇ ਦਿੱਤੀ, ਜਦ ਕਿ 9 ਫੀਸਦੀ ਨੇ ਕੋਈ ਰਾਇ ਨਹੀਂ ਦਿੱਤੀ।

ਵਰਨਣ ਯੋਗ ਹੈ ਕਿ ਕੋਰੋਨਾ ਦੇ ਕਹਿਰ ਨਾਲ ਜੂਝਦੇ ਅਮਰੀਕਾ ਵਿੱਚ ਗੈਰ ਗੋਰੇ ਲੋਕਾਂ ਦੇ ਵਿਰੋਧ ਪ੍ਰਦਰਸ਼ਨਾਂ ਨਾਲ ਪਾਰਟੀ ਪੱਧਰ ਦੀ ਸਿਆਸਤ ਵੀ ਤੇਜ਼ ਹੋ ਗਈ ਹੈ। ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਨੇ ਪਿੱਛੇ ਜਿਹੇ ਸਵਾਲ ਕੀਤਾ ਸੀ ਕਿ ਆਖਰ ਕੋਰੋਨਾ ਵਾਇਰਸ ਕਾਰਨ ਗੈਰ ਗੋਰੇ ਭਾਈਚਾਰੇ ਦੇ ਲੋਕ ਆਪਣੀ ਗਿਣਤੀ ਦੇ ਮੁਕਾਬਲੇ ਦੁੱਗਣੀ ਗਿਣਤੀ ਵਿੱਚ ਕਿਉਂ ਮਰ ਰਹੇ ਹਨ? ਓਬਾਮਾ ਦਾ ਇਸ਼ਾਰਾ ਇਸ ਵੱਲ ਸੀ ਕਿ ਗੈਰ ਗੋਰੇ ਭਾਈਚਾਰੇ ਨਾਲ ਪੱਖਪਾਤ ਹੋ ਰਿਹਾ ਹੈ। ਇਹ ਹੋਰ ਗੱਲ ਕਿ ਗੈਰ ਗੋਰੇ ਹੁੰਦੇ ਹੋਏ ਵੀ ਰਾਸ਼ਟਰਪਤੀ ਵਜੋਂ ਆਪਣੇ ਅੱਠ ਸਾਲਾ ਕਾਰਜਕਾਲ ਵਿੱਚ ਓਬਾਮਾ ਆਪਣੇ ਭਾਈਚਾਰੇ ਲਈ ਕੋਈ ਯੁੱਗ ਪਲਟਾਊ ਕਦਮ ਨਹੀਂ ਚੁੱਕ ਸਕੇ। ਲੱਗਦਾ ਹੈ ਕਿ ਚੋਣ ਮੌਸਮ ਹੋਣ ਕਾਰਨ ਓਬਾਮਾ ਅਮਰੀਕੀ ਰਾਜਨੀਤੀ ਵਿੱਚ ਗੈਰ ਗੋਰੇ ਲੋਕਾਂ ਵਾਲੇ ਪੱਤੇ ਦਾ ਜ਼ੋਰਦਾਰ ਇਸਤੇਮਾਲ ਕਰ ਰਹੇ ਹਨ। ਇਹੀ ਕੰਮ ਡੋਨਾਲਡ ਟਰੰਪ ਵੀ ਆਪਣੀ ਤਰ੍ਹਾਂ ਕਰਦੇ ਦਿਖਾਈ ਦੇ ਰਹੇ ਹਨ।

ਮੌਜੂਦਾ ਹਾਲਾਤ ਬਾਰੇ ਰਿਪਬਲੀਕਨ ਅਤੇ ਡੈਮੋਕ੍ਰੇਟਿਕ ਦੋਵੇਂ ਪਾਰਟੀਆਂ ਸਿਆਸਤ ਕਰ ਰਹੀਆਂ ਹਨ। ਰਵਾਇਤੀ ਤੌਰ 'ਤੇ ਗੈਰ ਗੋਰਾ ਭਾਈਚਾਰਾ ਡੈਮੋਕ੍ਰੇਟਿਕ ਪਾਰਟੀ ਦਾ ਸਮਰਥਕ ਰਿਹਾ ਹੈ। ਉਕਤ ਭਾਈਚਾਰੇ ਨਾਲ ਸੰਬੰਧਤ ਲੋਕਾਂ ਦੇ ਹਮਲਾਵਰ ਰੁਖ਼ ਤੋਂ ਰਿਪਬਲੀਕਨ ਚਿੰਤਤ ਹਨ, ਪਰ ਉਹ ਉਨ੍ਹਾਂ ਨੂੰ ਸੰਤੁਸ਼ਟ ਨਹੀਂ ਕਰ ਸਕੇ। ਅਮਰੀਕੀ ਸ਼ਹਿਰਾਂ ਵਿੱਚ ਜਿਸ ਵੱਡੇ ਪੈਮਾਨੇ 'ਤੇ ਹਿੰਸਾ ਤੇ ਲੁੱਟ ਖੋਹ ਹੋ ਰਹੀ ਹੈ, ਉਸ ਤੋਂ ਸਾਫ ਹੈ ਕਿ ਵਿਰੋਧ ਪ੍ਰਦਰਸ਼ਨਾਂ ਵਿੱਚ ਸਿਆਸੀ ਅਨਸਰ ਸ਼ਾਮਲ ਹਨ ਅਤੇ ਉਹ ਹਾਲਾਤ ਦਾ ਡਟ ਕੇ ਸਿਆਸੀ ਫਾਇਦਾ ਲੈ ਰਹੇ ਹਨ। ਅਮਰੀਕਾ ਵਿੱਚ ਗੈਰ ਗੋਰੇ ਲੋਕਾਂ ਦਾ ਰੋਸ ਪ੍ਰਦਰਸ਼ਨ ਕੋਈ ਨਵਾਂ ਨਹੀਂ, ਉਥੇ ਉਨ੍ਹਾਂ ਨੂੰ ਲੰਬੇ ਸਮੇਂ ਤੱਕ ਇਸ ਵਾਸਤੇ ਅੰਦੋਲਨ ਕਰਨਾ ਪਿਆ ਕਿ ਉਨ੍ਹਾਂ ਨੂੰ ਬਰਾਬਰੀ ਦਾ ਦਰਜਾ ਮਿਲੇ। ਸੰਨ 1865 ਵਿੱਚ ਖਾਨਾਜੰਗੀ ਦੇ ਬਾਅਦ ਗੈਰ ਗੋਰੇ ਭਾਈਚਾਰੇ ਨੂੰ ਸੰਵਿਧਾਨਕ ਤੌਰ 'ਤੇ ਬਰਾਬਰੀ ਦਾ ਦਰਜਾ ਮਿਲ ਗਿਆ, ਪਰ ਹਕੀਕਤ ਇਹ ਹੈ ਕਿ ਅੱਜ ਵੀ ਅਮਰੀਕਾ ਵਿੱਚ ਉਨ੍ਹਾ ਨੂੰ ਮੁੱਖ ਖੇਤਰਾਂ ਵਿੱਚ ਯੋਗ ਨੁਮਾਇੰਦਗੀ ਨਹੀਂ ਮਿਲੀ। ਇਸ ਭਾਈਚਾਰੇ ਦੀ ਆਬਾਦੀ ਕਰੀਬ 18 ਫੀਸਦੀ ਹੈ, ਪਰ ਅਮਰੀਕੀ ਜੇਲ੍ਹਾਂ ਵਿੱਚ ਲਗਭਗ ਅੱਧੀ ਗਿਣਤੀ ਉਨ੍ਹਾਂ ਦੀ ਹੈ। ਸਿਖਿਆ, ਕਾਰੋਬਾਰ, ਸਿਨੇਮਾ, ਕਲਾ ਦੇ ਹੋਰ ਖੇਤਰਾਂ, ਮੀਡੀਆ ਫੌਜ ਆਦਿ ਵਿੱਚ ਉਨ੍ਹਾਂ ਦੀ ਪ੍ਰਤੀਨਿਧਤਾ ਕਾਫੀ ਘੱਟ ਹੈ। ਇਹ ਸਥਿਤੀ ਅਮਰੀਕੀ ਕਾਨੂੰਨਾਂ ਵਿੱਚ ਗੈਰ ਗੋਰੇ ਲੋਕਾਂ ਬਾਰੇ ਕੋਈ ਮੰਦਭਾਵਨਾ ਨਾ ਹੋਣ ਦੇ ਬਾਵਜੂਦ ਹੈ। ਸਕੂਲੀ ਸਿਖਿਆ ਵਿੱਚ ਗੈਰ ਗੋਰੇ ਵਿਦਿਆਰਥੀਆਂ ਦੀ ਡਰਾਪ ਆਊਟ ਦਰ ਕਾਫੀ ਵੱਧ ਹੈ। ਇਹੀ ਹਾਲ ਯੂਨੀਵਰਸਿਟੀ ਸਿਖਿਆ ਦੇ ਪੱਧਰ 'ਤੇ ਹੈ। ਗੈਰ ਗੋਰੇ ਭਾਈਚਾਰੇ ਵਿੱਚ ਨਸ਼ੇ ਦੀ ਆਦਤ ਅਤੇ ਤਲਾਕ ਦੀ ਦਰ ਵੀ ਕਾਫੀ ਵੱਧ ਹੈ।

ਮਹੱਤਵ ਪੂਰਨ ਖੇਤਰਾਂ ਵਿੱਚ ਗੈਰ ਗੋਰੇ ਲੋਕਾਂ ਦੇ ਪੱਛੜੇਪਣ ਦੀ ਵਜ੍ਹਾ ਨਸਲੀ ਪੱਖਪਾਤ ਮੰਨੀ ਜਾਂਦੀ ਹੈ। ਇਸ ਭਾਈਚਾਰੇ ਦੇ ਲੋਕ ਵੀ ਮੰਨਦੇ ਹਨ ਕਿ ਅਮਰੀਕਾ ਵਿੱਚ ਨਸਲਭੇਦ ਦੀ ਸਮੱਸਿਆ ਕਾਇਮ ਹੈ। ਜਾਰਜ ਫਲਾਇਡ ਦੀ ਮੌਤ ਨੇ ਗੈਰ ਗੋਰੇ ਲੋਕਾਂ ਦੀਆਂ ਦੱਬੀਆਂ ਹੋਈਆਂ ਭਾਵਨਾਵਾਂ ਨੂੰ ਬਾਹਰ ਕੱਢ ਦਿੱਤਾ ਹੈ। ਅਮਰੀਕਾ ਵਿੱਚ ਉਹ ਅਕਸਰ ਪੁਲਸ ਦੀ ਸਖਤੀ ਦਾ ਸ਼ਿਕਾਰ ਹੁੰਦੇ ਰਹਿੰਦੇ ਹਨ। ਅਮਰੀਕਾ ਦੁਨੀਆ ਨੂੰ ਲੋਕਤੰਤਰ ਤੇ ਮਨੁੱਖੀ ਅਧਿਕਾਰਾਂ ਦਾ ਸਬਕ ਦਿੰਦਾ ਹੈ, ਪਰ ਸਾਫ ਹੈ ਕਿ ਖੁਦ ਉਸ ਨੂੰ ਵੀ ਬਹੁਤ ਕੁਝ ਸਿੱਖਣ ਦੀ ਲੋੜ ਹੈ। ਉਹ ਦੁਨੀਆ ਦੀ ਸਭ ਤੋਂ ਵੱਡੀ ਸ਼ਕਤੀ ਹੈ, ਪਰ ਗੈਰ ਗੋਰੇ ਲੋਕਾਂ ਦੇ ਹਿੰਸਕ ਰੋਸ ਮੁਜ਼ਾਹਰਿਆਂ ਨੇ ਉਸ ਦੀਆਂ ਕਮੀਆਂ ਨੂੰ ਸਤ੍ਹਾ 'ਤੇ ਲਿਆ ਕੇ ਰੱਖ ਦਿੱਤਾ ਹੈ। ਉਥੇ ਜੋ ਕੁਝ ਹੋ ਰਿਹਾ ਹੈ, ਉਸ ਤੋਂ ਵਿਸ਼ਵ ਪੱਧਰੀ ਸ਼ਕਤੀ ਦੇ ਤੌਰ 'ਤੇ ਵੀ ਅਮਰੀਕਾ ਦੀ ਸਾਖ਼ ਕਮਜ਼ੋਰ ਹੋ ਰਹੀ ਹੈ।

ਕਿਸੇ ਵੀ ਸਮਾਜ ਵਿੱਚ ਸਾਰੇ ਭਾਈਚਾਰਿਆਂ ਨੂੰ ਬਰਾਬਰੀ ਦੇ ਅਧਿਕਾਰ ਦੇ ਨਾਲ ਹੀ ਹਕੀਕਤ ਵਿੱਚ ਵੀ ਬਰਾਬਰੀ ਮਿਲਣੀ ਚਾਹੀਦੀ ਹੈ। ਬਦਕਿਸਮਤੀ ਨਾਲ ਅਜੇ ਤੱਕ ਇਹ ਸੰਭਵ ਨਹੀਂ ਹੋ ਸਕਿਆ ਅਤੇ ਗੈਰ ਗੋਰੇ ਭਾਈਚਾਰੇ ਦੇ ਲੋਕ ਵਿਕਾਸ ਦੀ ਦੌੜ ਵਿੱਚ ਹੋਰਨਾਂ ਤੋਂ ਕਾਫੀ ਪਿੱਛੇ ਹਨ। ਅਮਰੀਕਾ ਨੂੰ ਇਸ ਕਮਜ਼ੋਰੀ ਨੂੰ ਦੂਰ ਕਰਨ ਵਾਸਤੇ ਠੋਸ ਕਦਮ ਚੁੱਕਣ ਦੀ ਜ਼ਰੂਰਤ ਹੈ। ਅਮਰੀਕੀ ਪੁਲਸ ਪ੍ਰਸ਼ਾਸਨ ਨੂੰ ਵੀ ਕਾਫੀ ਸਬਕ ਲੈਣ ਦੀ ਜ਼ਰੂਰਤ ਹੈ। ਅਮਰੀਕੀ ਸਰਕਾਰ ਨੂੰ ਵੀ ਇਹ ਸਮਝਣਾ ਹੋਵੇਗਾ ਕਿ ਸਮਾਜ ਦੇ ਤਮਾਮ ਵਰਗਾਂ ਵਿੱਚ ਸੰਤੁਲਿਤ ਸਮਾਨਤਾ ਕਿਸੇ ਵੀ ਦੇਸ਼ ਦੇ ਸਰਬਪੱਖੀ ਵਿਕਾਸ ਲਈ ਇੱਕ ਮਹੱਤਵ ਪੂਰਨ ਬੁਨਿਆਦੀ ਥੰਮ੍ਹ ਦਿੰਦੀ ਹੈ। ਪਿਛਲੇ ਕਈ ਸਾਲਾਂ ਤੋਂ ਅਮਰੀਕਾ ਅਰਥਚਾਰੇ ਦੇ ਖੇਤਰ ਵਿੱਚ ਚੰਗਾ ਪ੍ਰਦਰਸ਼ਨ ਨਹੀਂ ਕਰ ਰਿਹਾ ਹੈ। ਕੋਰੋਨਾ ਵਾਇਰਸ ਨੇ ਅਮਰੀਕੀ ਅਰਥਚਾਰੇ ਦੀਆਂ ਜੜ੍ਹਾਂ ਖੋਖਲੀਆਂ ਕਰ ਦਿੱਤੀਆਂ ਹਨ। ਹੁਣ ਵੱਡੇ ਪੱਧਰ 'ਤੇ ਜੋ ਅੱਗਜ਼ਨੀ ਅਤੇ ਲੁੱਟ ਖੋਹ ਹੋ ਰਹੀ ਹੈ, ਉਹ ਵੀ ਉਸ ਦੀਆਂ ਚੂਲਾਂ ਹਿਲਾਉਣ ਵਾਲੀ ਸਿੱਧ ਹੋ ਸਕਦੀ ਹੈ। ਅਜੇ ਇਹ ਕਹਿਣਾ ਔਖਾ ਹੈ ਕਿ ਗੈਰ ਗੋਰੇ ਲੋਕਾਂ ਦੇ ਵਿਰੋਧ ਪ੍ਰਦਰਸ਼ਨ ਦਾ ਅਸਰ ਕਿਸ ਸਿਆਸੀ ਪਾਰਟੀ ਦੇ ਪੱਖ ਵਿੱਚ ਜਾਵੇਗਾ, ਪਰ ਉਥੋਂ ਦੇ ਹਾਲਾਤ ਅੱਰੀਕਾ ਦੇ ਦਮਖਮ 'ਤੇ ਸਵਾਲ ਖੜ੍ਹੇ ਕਰ ਰਹੇ ਹਨ। ਰਾਸ਼ਟਰਪਤੀ ਟਰੰਪ ਨੂੰ ਇਸ ਮਾਮਲੇ ਵਿੱਚ ਸੁਲ੍ਹਾ-ਸਫਾਈ ਦੇ ਰਸਤੇ 'ਤੇ ਚੱਲਣਾ ਚਾਹੀਦਾ ਹੈ।

# ਵਰਕ ਫਰਾਮ ਹੋਮ ਵਰਦਾਨ ਜਾਂ ਸਰਾਪ

-ਡਾ. ਲਖਵਿੰਦਰ ਸਿੰਘ ਗਿੱਲ-


ਹਰ ਚੀਜ਼ ਦੇ ਚੰਗੇ-ਮਾੜੇ ਪੱਖ ਹੁੰਦੇ ਹਨ। ਕੋਰੋਨਾ ਮਹਾਂਮਾਰੀ ਨੇ ਲੋਕਾਂ ਦੀਆਂ ਜਾਨਾਂ ਲਈਆਂ ਹਨ, ਪਰ ਬਹੁਤ ਕੁਝ ਨਵਾਂ ਵੀ ਸਾਨੂੰ ਦਿੱਤਾ ਹੈ ਜਿਸ ਬਾਰੇ ਅਸੀਂ ਕਦੇ ਸੋਚਿਆ ਵੀ ਨਹੀਂ ਸੀ। ਹੁਣ ਤੱਕ ਇਨਸਾਨਾਂ ਦੇ ਆਪਸੀ ਮੇਲ-ਮਿਲਾਪ ਵਧਾਉਣ ਦੀ ਗੱਲ ਹੀ ਹੁੰਦੀ ਰਹੀ ਹੈ।

ਸਮਾਜਕ ਦੂਰੀਆਂ ਘਟਾਉਣ ਦੀ ਗੱਲ ਹੁੰਦੀ ਰਹੀ ਹੈ, ਪਰ ਕਦੇ ਕਿਸੇ ਨੇ ਇਨਸਾਨਾਂ ਵਿੱਚ ਇੰਨੇ ਵੱਡੇ ਪੱਧਰ 'ਤੇ ਸਮਾਜਕ ਦੂਰੀ (ਸੋਸ਼ਲ ਡਿਸਟੈਂਸਿੰਗ) ਬਣਾਉਣ ਦੀ ਵਕਾਲਤ ਨਹੀਂ ਕੀਤੀ। ਸੋਸ਼ਲ ਡਿਸਟੈਂਸਿੰਗ ਨੇ ਵੀਡੀਓ ਕਾਨਫਰੰਸ, ਆਨਲਾਈਨ ਟੀਚਿੰਗ ਅਤੇ ਵਰਕ ਫਰਾਮ ਹੋਮ ਜਿਹੇ ਕੰਸੈਪਟ ਦਿੱਤੇ ਹਨ, ਜੋ ਅੱਜ ਹਰ ਕਿਸੇ ਦੀ ਜ਼ੁਬਾਨ 'ਤੇ ਹਨ। ਓਧਰ ਕਾਰਪੋਰੇਟ ਘਰਾਣਿਆਂ ਲਈ ਆਪਣੇ ਕਾਰੋਬਾਰ ਨੂੰ ਤੋਰੀ ਰੱਖਣਾ ਵੀ ਅਹਿਮ ਸੀ।

ਸਰਕਾਰਾਂ ਨੂੰ ਹੰਗਾਮੀ ਹਾਲਤ ਨਾਲ ਨਜਿੱਠਣ ਲਈ ਦਫਤਰੀ ਕੰਮ ਕਰਾਉਣਾ ਜ਼ਰੂਰੀ ਸੀ। ਇਸ ਕਾਰਨ ਵਰਕ ਫਰਾਮ ਹੋਮ ਵਾਲਾ ਕੰਸੈਪਟ ਸਮੇਂ ਦੀ ਮੰਗ ਬਣ ਗਿਆ। ਜਦੋਂ ਹਰ ਕਰਮਚਾਰੀ ਘਰੋਂ ਸਾਰਾ ਕੰਮ ਕਰਦਾ ਪਿਆ ਹੋਵੇਗਾ ਤਾਂ ਖਾਸ ਤੌਰ 'ਤੇ ਕਾਰਪੋਰੇਟ ਕੰਪਨੀਆਂ ਨੂੰ ਆਪਣੇ ਮੁਲਾਜ਼ਮਾਂ ਨੂੰ ਦਿੱਤੇ ਜਾਂਦੇ ਸਜੇ-ਸਜਾਏ ਦਫਤਰ ਤੇ ਇਨ੍ਹਾਂ ਵਿੱਚ ਦਿੱਤੀਆਂ ਪੰਜ ਤਾਰਾ ਹੋਟਲ ਵਰਗੀਆਂ ਸਹੂਲਤਾਂ 'ਤੇ ਕੀਤਾ ਖਰਚ ਫਜ਼ੂਲ ਲੱਗਣ ਲੱਗਾ ਹੈ। ਕਈ ਬਹੁਕੌਮੀ ਕੰਪਨੀਆਂ ਤਾਂ ਆਪਣੇ ਮੁਲਾਜ਼ਮਾਂ ਨੂੰ ਮੁਫਤ ਚਾਹ, ਕੌਫੀ ਤੋਂ ਇਲਾਵਾ ਨਾਸ਼ਤਾ ਤੇ ਦੁਪਹਿਰ ਦਾ ਖਾਣਾ ਵੀ ਦੇਂਦੀਆਂ ਹਨ। ਜਦੋਂ ਉਨ੍ਹਾਂ ਦੇ ਮੁਲਾਜ਼ਮ ਦਫਤਰਾਂ ਵਿੱਚ ਨਾ ਆ ਸਕੇ ਤਾਂ ਉਹ ਘਰੋਂ ਸਾਰਾ ਕੰਮ ਕਰੀ ਗਏ। ਉਨ੍ਹਾਂ ਨਾਲ ਮੀਟਿੰਗ ਵੀ ਵੀਡੀਓ ਕਾਨਫਰੰਸ ਰਾਹੀਂ ਹੀ ਹੋਣ ਲੱਗ ਪਈ। ਕਈ ਸਨਅਤੀ ਘਰਾਣਿਆਂ ਨੂੰ ਮੌਜਾਂ ਲੱਗ ਗਈਆਂ।

ਵਰਕ ਫਰਾਮ ਹੋਮ ਕਲਚਰ ਨੇ ਸਿਰਫ ਕੰਪਨੀਆਂ ਨੂੰ ਹੀ ਲਾਭ ਨਹੀਂ ਪੁਚ-ਾਇਆ, ਦਫਤਰੀ ਅਮਲੇ ਨੂੰ ਤਾਲਾਬੰਦੀ ਤੇ ਕਰਫਿਊ ਦੌਰਾਨ ਗੱਡੀਆਂ ਦੀ ਆਵਾਜਾਈ ਤੋਂ ਪੈਦਾ ਹੋਣ ਵਾਲੇ ਹਵਾ ਤੇ ਸ਼ੋਰ ਪ੍ਰਦੂਸ਼ਣ ਤੋਂ ਵੀ ਛੁਟਕਾਰਾ ਮਿ-ਲਿਆ ਸੀ। ਕੋਰੋਨਾ ਲਾਕਡਾਊਨ ਦੌਰਾਨ ਹਵਾ ਅਤੇ ਆਕਾਸ਼ ਬਿਲਕੁਲ ਸਾਫ ਹੋ ਗਏ ਅਤੇ ਬਨਸਪਤੀ 'ਤੇ ਰੌਣਕ ਆ ਗਈ। ਮੁਲਾਜ਼ਮ ਆਪਣੀ ਥਾਂ ਖੁਸ਼ ਹਨ ਕਿਉਂਕਿ ਉਹ ਰੋਜ਼ ਤਿਆਰ ਹੋਣ ਦੇ ਝੰਜਟ, ਟਰੈਫਿਕ ਜਾਮ ਦੀ ਖਿਝਾ, ਵੇਲੇ ਸਿਰ ਦਫਤਰ ਪੁੱਜਣ ਦੇ ਰੋਜ਼ ਦੇ ਮਾਨਸਿਕ ਤਣਾਅ ਤੋਂ ਮੁਕਤ ਹੋ ਗਏ। ਬੈਡਰੂਮ 'ਚ ਆਰਾਮ ਨਾਲ ਦਫਤਰੀ ਕੰਮ ਕਰਨਾ ਉਨ੍ਹਾਂ ਨੂੰ ਸੌਖਾ ਲੱਗ ਰਿਹਾ ਸੀ। ਨਾਲੇ ਆਉਣ-ਜਾਣ ਲਈ ਪੈਟਰੋਲ ਆਦਿ 'ਤੇ ਕੋਈ ਖਰਚਾ ਨਾ ਹੋਣ ਕਰ ਕੇ ਮੁਲਾਜ਼ਮ ਵਰਕ ਫਰਾਮ ਹੋਮ ਹੋਣ 'ਤੇ ਸੌਖ ਮਹਿਸੂਸ ਕਰਦੇ ਸਨ। ਦਫਤਰੀ ਕੰਮ ਦੇ ਇਸ ਨਵੇਂ ਢੰਗ ਨਾਲ ਉਹ ਆਜ਼ਾਦੀ ਵੀ ਮਹਿਸੂਸ ਕਰਦੇ ਰਹੇ ਕਿਉਂਕਿ ਦਫਤਰ ਆਉਣ-ਜਾਣ ਦਾ ਸਮਾਂ ਬਚ ਜਾਣ ਕਾਰਨ ਇਸ ਸਮੇਂ ਨੂੰ ਉਹ ਆਪਣੇ ਪਰਵਾਰ ਵਿੱਚ ਬੈਠ ਕੇ ਬਿਤਾਉਂਦੇ ਹਨ।

ਹਾਲਾਤ ਦਾ ਫਾਇਦਾ ਲੈਂਦੇ ਹੋਏ ਦੁਨੀਆ ਦੇ ਚੋਟੀ ਦੇ ਕਾਰਪੋਰੇਟ ਘਰਾਣੇ ਜਿਵੇਂ ਫੇਸਬੁਕ ਅਤੇ ਗੂਗਲ ਆਦਿ ਨੇ ਵਰਕ ਫਰਾਮ ਹੋਮ ਨੂੰ ਪੱਕੇ ਤੌਰ 'ਤੇ ਅਪਣਾਉਣ ਬਾਰੇ ਸੋਚਣਾ ਸ਼ੁਰੂ ਕਰ ਦਿੱਤਾ ਹੈ। ਉਹ ਕਿਸੇ ਵੀ ਮਾਹਰ ਨੂੰ ਦੁਨੀਆ ਦੇ ਕਿਸੇ ਵੀ ਹਿੱਸੇ ਤੋਂ ਚੁਣਨਗੇ, ਆਨਲਾਈਨ ਇੰਟਰਵਿਊ ਕਰਨਗੇ, ਆਨਲਾਈਨ ਕੰਮ ਕਰਾਉਣਗੇ, ਆਨਲਾਈਨ ਬਣਦਾ ਭੱਤਾ ਦੇਣਗੇ ਅਤੇ ਗੱਲ ਖਤਮ। ਕੋਰੋਨਾ ਦਾ ਕਹਿਰ ਜਾਰੀ ਰਿਹਾ ਤਾਂ ਹੋ ਸਕਦਾ ਹੈ ਕਿ ਮਾਲਕ ਆਪਣੇ ਮੁਲਾਜ਼ਮ ਨੂੰ ਕਦੇ ਮਿਲੇ ਵੀ ਨਾ, ਭਾਵੇਂ ਉਹ ਮੁਲਾਜ਼ਮ ਮਾਲਕ ਲਈ ਬਹੁਤ ਅਹਿਮ ਵਿਅਕਤੀ ਹੋਵੇ।



ਕਈ ਅਦਾਰਿਆਂ ਵਿੱਚ ਵਰਕ ਫਰਾਮ ਹੋਮ ਅਜੇ ਬਣੇ ਰਹਿਣ ਦੀ ਸੰਭਾਵਨਾ ਹੈ। ਇਸ ਸਦਕਾ ਜੋ ਇੱਕ ਅਹਿਮ ਸਮਾਜਕ ਤਬਦੀਲੀ ਆਉਣ ਵਾਲੀ ਹੈ, ਉਹ ਇਹ ਕਿ ਲੋਕ ਮਹਿੰਗੇ ਸ਼ਹਿਰੀ ਘਰ ਛੱਡ ਕੇ ਸ਼ਹਿਰੋਂ ਬਾਹਰ ਸਸਤੀਆਂ ਰਿਹਾਇਸ਼ਾਂ ਵੱਲ ਆਉਣਗੇ। ਘਰਾਂ ਵਿੱਚ ਦੋ-ਦੋ, ਤਿੰਨ ਤਿੰਨ ਗੱਡੀਆਂ ਦੀ ਲੋੜ ਵੀ ਨਹੀਂ ਪਵੇਗੀ। ਪੇਂਡੂ ਖੇਤਰਾਂ ਤੋਂ ਸ਼ਹਿਰ ਵੱਲ ਭੱਜਣ ਦਾ ਰੁਝਾਨ ਘਟੇਗਾ। ਡੀਜ਼ਲ-ਪੈਟਰੋਲ ਦੀ ਖਪਤ ਘਟੇਗੀ, ਬੈਂਕਾਂ ਤੋਂ ਹੋਮ ਅਤੇ ਕਾਰ ਲੋਨ ਦੀ ਮੰਗ ਘਟੇਗੀ ਆਦਿ। ਇਸ ਤਰ੍ਹਾਂ ਦੁਨੀਆ ਦੇ ਸਮੁੱਚੇ ਅਰਥਚਾਰੇ ਦੇ ਸਮੀਕਰਨ ਬਦਲਣਗੇ।

ਸਵਾਲ ਇਹ ਪੈਦਾ ਹੁੰਦਾ ਹੈ ਕਿ ਘਰੋਂ ਕੰਮ ਕਰਨ ਦਾ ਇਹ ਸਭਿਆਚਾਰ ਇਨਸਾਨ ਦੇ ਸਮੁੱਚ ਵਿਕਾਸ ਪੱਖੋਂ ਕਿੰਨਾ ਕੁ ਸਹੀ ਹੈ? ਇਥੇ ਇਸ ਗੱਲ ਨੂੰ ਕਦੇ ਨਾ ਭੁੱਲੀਏ ਕਿ ਬੰਦਾ ਸਮਾਜਕ ਪ੍ਰਾਣੀ ਹੈ। ਸਮਾਜ ਦੇ ਦੂਜੇ ਜੀਵਾਂ ਨਾਲ ਵਿਚਰ ਕੇ ਉਸ ਨੂੰ ਵੱਖਰੀ ਤਰ੍ਹਾਂ ਦਾ ਸਕੂਨ ਮਿਲਦਾ ਹੈ। ਅਸੀਂ ਪਿਛਲੇ ਦਿਨਾਂ ਵਿੱਚ ਵੇਖਿਆ ਹੈ ਕਿ ਆਪਣੇ ਘਰਾਂ ਵਿੱਚ ਬੈਠੇ ਲੋਕ ਕਿਵੇਂ ਤ੍ਰਾਹ-ਤ੍ਰਾਹ ਕਰਨ ਲੱਗ ਪਏ ਸਨ। ਇੱਕ ਅਧਿਐਨ ਅਨੁਸਾਰ ਲਾਕਡਾਊਨ ਹੇਠ ਘਰੇ ਬੈਠੇ ਪੜ੍ਹੇ-ਲਿਖੇ ਚਾਰ ਫੀਸਦੀ ਤੋਂ ਵੀ ਵੱਧ ਲੋਕਾਂ ਨੂੰ ਜ਼ਿੰਦਗੀ ਬੇਅਰਥ ਲੱਗਣ ਲੱਗ ਪਈ ਸੀ। ਇਸ ਦੌਰਾਨ ਕਮਜ਼ੋਰ ਦਿਲਾਂ ਵਾਲੇ ਕਈ ਵਿਅਕਤੀਆਂ ਨੇ ਖੁਦਕੁਸ਼ੀ ਤੱਕ ਕਰ ਲਈ ਸੀ। ਕਈਆਂ ਨੂੰ ਕਈ ਨਾਮੁਰਾਦ ਬਿਮਾਰੀਆਂ ਲੱਗੀਆਂ ਹੋਣ ਦਾ ਅਹਿਸਾਸ ਹੋਣਾ ਅਚਾਨਕ ਸ਼ੁਰੂ ਹੋ ਗਿਆ। ਇਸ ਲਈ ਜਦੋਂ ਨੌਜਵਾਨ ਪੀੜ੍ਹੀ ਨੇ ਘਰੇ ਰਹਿ ਕੇ ਹੀ ਕੰਮ ਕਰਨਾ ਸ਼ੁਰੂ ਕਰ ਦਿੱਤਾ ਤਾਂ ਉਹ ਕਈ ਤਰ੍ਹਾਂ ਦੀਆਂ ਮਾਨਸਿਕ ਬਿਮਾਰੀਆਂ ਸਹੇੜ ਲਵੇਗੀ। ਵੈਸੇ ਵੀ ਬੰਦਾ ਇੱਕ ਦੂਸਰੇ ਤੋਂ ਸਿੱਖਦਾ ਹੈ। ਇਕੱਠਿਆਂ ਬਹਿ ਕੇ ਆਪਣੇ ਸਹਿ ਕਰਮੀਆਂ ਨਾਲ ਦੁੱਖ ਸੁੱਖ ਵੰਡਦਾ ਹੈ। ਦਫਤਰ ਵਿੱਚ ਲੋਕ ਆਪਸ ਵਿੱਚ ਬੈਠ ਕੇ ਗੱਲਬਾਤ ਰਾਹੀਂ ਕਈ ਸਮੱਸਿਆਵਾਂ ਦਾ ਹੱਲ ਲੱਭਦੇ ਹਨ। ਦੁੱਖ ਸੁੱਖ ਫੋਲਦੇ ਹਨ, ਜਿਸ ਕਾਰਨ ਉਨ੍ਹਾਂ ਦਾ ਮਨ ਹੌਲਾ ਹੁੰਦਾ ਹੈ।

ਕਹਿੰਦੇ ਹਨ ਕਿ ਖੁਸ਼ੀ ਵੰਡਾਇਆਂ ਵਧਦੀ ਹੈ ਤੇ ਦੁੱਖ ਵੰਡਾਇਆਂ ਘੱਟਦਾ ਹੈ। ਨਤੀਜੇ ਵਜੋਂ ਉਹ ਆਮ ਲੋਕਾਂ ਵਾਂਗ ਸਮਾਜ ਵਿੱਚ ਵਿਚਰਦੇ ਸਨ। ਜੇ ਵਰਕ ਫਰਾਮ ਹੋਮ ਲੋਕਾਂ ਦੀ ਜ਼ਿੰਦਗੀ ਦਾ ਸਥਾਈ ਹਿੱਸਾ ਬਣ ਗਿਆ ਤਾਂ ਇਹ ਜ਼ਿੰਦਗੀ ਬੈਡਰੂਮ ਤੇ ਰਸੋਈ ਤੱਕ ਸੀਮਿਤ ਹੋ ਜਾਵੇਗੀ। ਮੁਲਾਜ਼ਮ ਸੋਚੇਗਾ ਕਿ ਉਸ ਦੀ ਜ਼ਿੰਦਗੀ ਦਾ ਮਕਸਦ ਸਿਰਫ ਆਪਣੇ ਬੌਸ ਦੀ ਹਦਾਇਤ 'ਤੇ ਇੱਕ ਕਮਰੇ ਵਿੱਚ ਬਹਿ ਕੇ ਗੁਲਾਮਾਂ ਵਾਂਗ ਕੰਮ ਹੀ ਕਰਨਾ ਤੇ ਮਗਰੋਂ ਉਸੇ ਕਮਰੇ ਵਿੱਚ ਸੌਂ ਜਾਣਾ ਹੈ। ਇਹ ਅਹਿਸਾਸ ਉਹਨੂੰ ਇੱਕ ਤੰਦਰੁਸਤ ਸ਼ਹਿਰੀ ਨਹੀਂ ਰਹਿਣ ਦੇਵੇਗਾ, ਜੋ ਇੱਕ ਤੰਦਰੁਸਤ ਦੇਸ਼ ਜਾਂ ਸਮਾਜ ਲਈ ਚੰਗੀ ਗੱਲ ਨਹੀਂ ਹੋਵੇਗੀ। ਬਿਹਤਰ ਹੋਵੇਗਾ ਜੇ ਵਰਕ ਫਰਾਮ ਹੋਮ ਨੂੰ ਕਦੇ-ਕਦੇ ਲੋੜ ਅਨੁਸਾਰ ਆਪਣਾਇਆ ਜਾਵੇ। ਇੰਝ ਮੁਲਾਜ਼ਮਾਂ ਨੂੰ ਦਫਤਰ ਤੋਂ ਆਜ਼ਾਦੀ ਦਾ ਅਹਿਸਾਸ ਵੀ ਹੁੰਦਾ ਰਹੇਗਾ ਅਤੇ ਸਮਾਜ ਨੂੰ ਸਮਾਜਕ, ਆਰਥਿਕ, ਸਭਿਆਚਾਰਕ ਅਤੇ ਮਨੋਵਿਗਿਆਨਕ ਲਾਹੇ ਵੀ ਮਿਲਦੇ ਰਹਿਣਗੇ। ਸਮਾਜ ਲਈ ਕੰਮ ਜ਼ਰੂਰੀ ਹੈ, ਪਰ ਸਮਾਜ ਵਿੱਚ ਰਹਿਣ ਵਾਲੇ ਲੋਕਾਂ ਦੀ ਸਰੀਰਕ ਅਤੇ ਮਨੋਵਿਗਿਆਨਕ ਸਿਹਤ ਵੀ ਸਮਾਜ ਲਈ ਓਨੀ ਹੀ ਜ਼ਰੂਰੀ ਹੈ।

ਕਹਾਣੀ

# ਤਾਰਾ

-ਸਰਵਣ ਮਿਨਹਾਸ-

ਯਾਦ ਨਹੀਂ ਉਸ ਦਿਨ ਮੈਂ ਦਫਤਰੋਂ ਲੇਟ ਕਿਉਂ ਹੋ ਗਿਆ। ਏਨਾ ਯਾਦ ਹੈ ਕਿ ਜਦੋਂ ਮੈਂ ਦਫਤਰੋਂ ਬਾਹਰ ਨਿਕਲਿਆ, ਝੱਖੜ ਝੁੱਲ ਪਿਆ ਸੀ। ਆਸਮਾਨ 'ਚ ਕਾਲੇ ਬੱਦਲ ਇਕਦਮ ਛਾ ਗਏ ਸੀ ਤੇ ਮੀਂਹ ਕਹਿ ਰਿਹਾ ਸੀ ਬੱਸ ਮੈਂ ਅੱਜ ਈ ਆਂ। ਮੈਂ ਅਨੈਕਸੀ ਪਹੁੰਚਦਿਆਂ-ਪਹੁੰਚਦਿਆਂ ਛੇ ਵੱਜ ਗਏ ਸੀ। ਭਿੱਜ ਤਾਂ ਜਾਣਾ ਹੀ ਸੀ।

ਕਿਰਾਏ 'ਤੇ ਲਈ ਅਨੈਕਸੀ ਦੀਆਂ ਪੌੜੀਆਂ ਬਾਹਰਵਾਰ ਸਨ। ਪੌੜੀਆਂ ਚੜ੍ਹ ਕੇ ਜਦੋਂ ਮੈਂ ਤਾਲੇ ਨੂੰ ਚਾਬੀ ਲਾ ਕੇ ਸੱਜੇ ਘੁਮਾਈ, ਉਹ ਘੁੰਮੀ ਨਹੀਂ। ਖੱਬੇ ਘੁਮਾਈ ਤਾਂ ਤਾਲਾ ਲੱਗ ਗਿਆ। ਸੋਚਿਆ, 'ਓ, ਅੱਜ ਫਿਰ ਕਮਰਾ ਖੁੱਲ੍ਹਾ ਛੱਡ ਗਿਆ ਮੈਂ।' ਇਹ ਕੋਈ ਪਹਿਲੀ ਵਾਰ ਨਹੀਂ ਸੀ ਹੋਇਆ ਮੇਰੇ ਨਾਲ। ਕਮਰਾ ਖੋਲ੍ਹ ਕੇ ਅੰਦਰ ਗਿਆ। ਬੈਗ ਰੱਖ ਕੇ ਬੈਡਰੂਮ 'ਚ ਕੱਪੜੇ ਬਦਲਣ ਲਈ ਗਿਆ ਤਾਂ ਠਠੰਬਰ ਗਿਆ। ਬਿਸਤਰੇ 'ਤੇ ਬੇਸੁੱਧ ਇਕ ਲੜਕੀ ਸੁੱਤੀ ਹੋਈ ਸੀ! ਹੈਰਾਨ ਮੈਂ ਉਹਦੇ ਵੱਲ ਦੇਖਦਾ ਖੜ੍ਹਾ ਰਿਹਾ। ਚਿਹਰਾ ਉਹਨੇ ਬਾਂਹ ਨਾਲ ਢੱਕਿਆ ਹੋਇਆ ਸੀ, ਇਸ ਲਈ ਪਛਾਣ ਨਹੀਂ ਆਈ। 'ਕੌਣ ਹੈ ਇਹ? ਮੇਰੇ ਕਮਰੇ 'ਚ ਕਿਵੇਂ ਆਈ? ਕਿਉਂ ਆਈ?' ਕਿੰਨੇ ਪ੍ਰਸ਼ਨ ਮਨ 'ਚ ਆ ਜਾ ਰਹੇ ਸੀ।

ਕੁਝ ਚਿਰ ਮੈਂ ਉਵੇਂ ਹੀ ਬੌਂਦਲਿਆ ਜਿਹਾ ਖੜ੍ਹਾ ਰਿਹਾ। ਫਿਰ ਸੋਚਿਆ, ਮਨਾਂ ਕੱਪੜੇ ਤਾਂ ਬਦਲ ਲਵਾਂ। ਬਿਨਾਂ ਖੜਕਾ ਕੀਤਿਆਂ ਅਲਮਾਰੀ 'ਚੋਂ ਨਾਈਟ ਸੂਟ ਕੱਢਿਆ ਤੇ ਵਾਸ਼ਰੂਮ ਚੱਲਿਆ ਗਿਆ। ਮੈਨੂੰ ਕੱਪੜੇ ਬਦਲਦਿਆਂ ਪੰਜ ਦਸ ਮਿੰਟ ਲੱਗ ਗਏ ਹੋਣਗੇ। ਬਾਹਰ ਨਿਕਲਿਆ ਤਾਂ ਦੇਖਿਆ ਕਮਰੇ ਦੀ ਬੱਤੀ ਜਗ ਰਹੀ ਸੀ ਤੇ ਉਹ ਮੰਜੇ 'ਤੇ ਬੈਠੀ ਸੀ। ਸ਼ਾਇਦ ਪਾਣੀ ਦਾ ਖੜਕਾ ਸੁਣ ਕੇ ਉਠ ਖੜੀ ਸੀ। ਮੈਨੂੰ ਦੇਖ ਕੇ ਥੋੜ੍ਹਾ ਮੁਸਕਰਾਈ। 'ਓ ਤਾਰਾ! ਤੁਸੀਂ! ਤੁਸੀਂ ਕਿਵੇਂ ਆਗੇ?' ਹੈਰਾਨੀ ਨਾਲ ਮੈਂ ਥੋੜ੍ਹਾ ਮੁਸਕਰਾ ਕੇ ਕਿਹਾ। ਤਾਰਾ ਮੇਰੀ ਪੁਰਾਣੀ ਜਮਾਤਣ ਸੀ। ਮੈਂ ਲਾਗੇ ਡੱਠੀ ਕੁਰਸੀ 'ਤੇ ਬੈਠ ਗਿਆ।

'ਕਦੋਂ ਆਏ ਤੁਸੀਂ?'

'ਡੇਢ ਦੋ ਘੰਟੇ ਹੋ ਗਏ। ਉਪਰ ਆਈ, ਤੁਸੀਂ ਤਾਂ ਨਹੀਂ ਸੀ, ਤੁਹਾਡਾ ਕਮਰਾ ਖੁੱਲ੍ਹਾ ਸੀ।'

'ਅੱਛਾ, ਕੁਝ ਖਾਧਾ ਪੀਤਾ ਕਿ ਨਹੀਂ?'

'ਨਹੀਂ', ਉਸ ਕਿਹਾ।

'ਠੀਕ ਐ, ਚਾਹ ਪੀਂਦੇ ਆਂ।' ਮੈਂ ਬਣਾਉਂਦਾ।'

'ਮੈਂ ਬਣਾਉਂਦੀ ਆਂ।'

'ਨਹੀਂ, ਤੂੰ ਬੈਠ। ਤੈਨੂੰ ਪਤਾ ਨ੍ਹੀਂ ਲੱਗਣਾ ਕਿੱਥੇ ਕੀ ਪਿਐ।'

ਮੈਂ ਰਸੋਈ 'ਚ ਚਲਿਆ ਗਿਆ। ਨਾਲੇ ਚਾਹ ਬਣਾਉਂਦਾ ਰਿਹਾ, ਨਾਲੇ ਸੋਚਦਾ ਰਿਹਾ, ਤਾਰਾ ਕਿਵੇਂ ਆ ਗਈ? ਉਹ ਮੇਰੇ ਸ਼ਹਿਰ ਰਹਿੰਦੀ ਸੀ। ਸ਼ਾਇਦ ਕਿਧਰੇ ਨੌਕਰੀ ਕਰਦੀ ਸੀ ਤੇ ਸ਼ਾਮ ਵੇਲੇ ਕੋਈ ਕੋਰਸ ਵੀ। ਕਾਲਜ ਤੋਂ ਬਾਅਦ ਅਸੀਂ ਕਦੇ ਮਿਲੇ ਨਹੀਂ। ਜਦੋਂ ਪੜ੍ਹਦੇ ਸੀ, ਉਦੋਂ ਵੀ ਖਾਸ ਨੇੜਤਾ ਨਹੀਂ ਸੀ। ਫਿਰ ਅੱਜ? ਅੱਜ ਕਿਸ ਤਰ੍ਹਾਂ ਘਰ ਲੱਭ ਕੇ ਆ ਗਈ ਉਹ? ਟਰੇਅ 'ਚ ਚਾਹ ਤੇ ਕੁਝ ਖਾਣ ਲਈ ਰੱਖ ਕੇ ਮੈਂ ਡਰਾਇੰਗ ਰੂਮ 'ਚ ਆ ਗਿਆ ਤੇ ਤਾਰਾ ਨੂੰ ਵੀ ਓਥੇ ਬੁਲਾ ਲਿਆ।

ਇਕਦਮ ਉਹਨੂੰ ਪੁੱਛਣਾ ਮੈਨੂੰ ਚੰਗਾ ਨਹੀਂ ਲੱਗਾ ਕਿ ਉਹ ਕਿਉਂ ਆਈ ਸੀ। ਅਸੀਂ ਸਰਸਰੀ ਗੱਲਾਂ ਕਰਦੇ ਰਹੇ। ਉਸ ਨੇ ਦੱਸਿਆ ਕਿ ਉਹ ਆਪਣੇ ਮਾਪਿਆਂ ਨਾਲ ਰਹਿੰਦੀ ਐ, ਉਹਦੇ ਪਾਪਾ ਠੀਕ ਨਹੀਂ, ਦਿਲ ਦਾ ਦੌਰਾ ਪੈ ਗਿਆ ਸੀ, ਤੇ ਛੋਟੀ ਭੈਣ ਚੰਡੀਗੜ੍ਹ ਪੜ੍ਹਦੀ ਹੈ। ਉਹ ਗੱਲਾਂ ਕਰਦੀ ਰਹੀ, ਪਰ ਵਿੱਚ-ਵਿੱਚ ਮੈਨੂੰ ਲੱਗਦਾ ਰਿਹਾ ਉਹਦਾ ਮਨ ਉਖੜਿਆ-ਉਖੜਿਆ ਹੈ। ਅਸੀਂ ਚਾਹ ਪੀ ਲਈ। ਮੈਂ ਘੜੀ ਵੱਲ ਦੇਖਿਆ, ਹਨੇਰਾ ਹੋ ਰਿਹਾ ਸੀ। ਮੈਂ ਤਾਰਾ ਵੱਲ ਦੇਖਿਆ। ਫਿਰ ਸਹਿਜੇ ਪੁੱਛਿਆ, 'ਅੱਜ ਕਿਵੇਂ ਆਉਣਾ ਹੋਇਆ?'

ਉਹਦਾ ਚਿਹਰਾ ਇਕਦਮ ਬਦਲ ਗਿਆ, ਬਹੁਤ ਗੰਭੀਰ, ਬਹੁਤ ਉਦਾਸ, ਬਹੁਤ ਵਿਚਾਰਾ ਜਿਹਾ ਹੋ ਗਿਆ। ਉਹ ਛੱਤ ਵੱਲ ਦੇਖਣ ਲੱਗ ਗਈ ਤੇ ਮੇਰੇ ਦੇਖਦਿਆਂ ਦੇਖਦਿਆਂ ਉਹਦੀਆਂ ਅੱਖਾਂ 'ਚੋਂ ਹੰਝੂ ਕਿਰਨ ਲੱਗੇ। 'ਕੀ ਹੋ ਗਿਆ ਤਾਰਾ? ਕੁਝ ਦੱਸ ਤਾਂ ਸਹੀ।'

ਕਿੰਨੀ ਦੇਰ ਉਹਦੇ ਕੋਲੋਂ ਕੁਝ ਬੋਲ ਨਹੀਂ ਹੋਇਆ। ਉਹ ਰੋਂਦੀ ਰਹੀ। ਦੀਵਾਰ ਵੱਲ ਝਾਕਦੀ ਰਹੀ। ਫਿਰ ਹੌਲੀ ਦੇਣੇ ਕਹਿੰਦੀ, 'ਕੀ ਦੱਸਾਂ? ਕਿਵੇਂ ਦੱਸਾਂ?' ਰੁਕ-ਰੁਕ ਕੇ ਤੇ ਰੋ-ਰੋ ਕੇ ਜਿਹੜੀ ਉਹਨੇ ਗੱਲ ਦਸੀ, ਉਹ ਬਹੁਤ ਬੇਚੈਨ ਕਰਨ ਵਾਲੀ ਸੀ। ਦਰਅਸਲ ਜਿਸ ਫਰਮ ਵਿੱਚ ਤਾਰਾ ਨੇ ਕੁਝ ਮਹੀਨੇ ਨੌਕਰੀ ਕੀਤੀ ਸੀ, ਉਥੇ ਇਕ ਮੁੰਡੇ ਨਾਲ ਉਹਦੀ ਦੋਸਤੀ ਹੋ ਗਈ ਸੀ। ਜਾਂ ਇਉਂ ਆਖ ਲਓ ਮੁੰਡੇ ਨੇ ਵਰਗਲਾ ਲਿਆ ਸੀ ਉਹਨੂੰ। ਉਹਦੇ ਲਾਰਿਆਂ 'ਚ ਆ ਕੇ ਇਕ ਦਿਨ ਉਹ ਉਹਦੇ ਨਾਲ ਕਸੌਲੀ ਚਲੀ ਗਈ, ਜਿਥੇ ਉਸ ਮੁੰਡੇ ਨੇ ਉਹਦੀਆਂ ਚੰਗੀਆਂ ਮਾੜੀਆਂ ਤਸਵੀਰਾਂ ਲੈ ਲਈਆਂ। ਬਾਅਦ ਵਿੱਚ ਉਨ੍ਹਾਂ ਤਸਵੀਰਾਂ ਦਾ ਡਰਾਵਾ ਦੇ ਕੇ ਉਹ ਤਾਰ ਨੂੰ ਕਦੀ ਕਿਤੇ ਤੇ ਕਦੀ ਕਿਤੇ ਬੁਲਾਉਣ ਲੱਗ ਪਿਆ। ਹੋਰ ਤਾਂ ਹੋਰ ਆਪਣੇ ਯਾਰਾਂ ਹੱਥੀਂ ਵੀ ਉਹਨੂੰ ਬੇਇੱਜ਼ਤ ਕਰਾਉਣ ਲੱਗ ਪਿਆ..।

ਤਾਰਾ ਦੀ ਗੱਲ ਸੁਣ ਕੇ ਇਕ ਵਾਰ ਮੈਂ ਸੁੰਨ ਹੋ ਗਿਆ। ਕਿੰਨੀ ਦੇਰ ਚੁੱਪ ਰਿਹਾ। ਕਹਿੰਦਾ ਕੀ। ਤਾਰਾ ਕੋਲੋਂ ਗਲਤੀ ਹੋ ਗਈ ਸੀ। ਭਾਰੀ ਦਲਦਲ ਵਿੱਚ ਫਸ ਗਈ ਸੀ ਉਹ। ਕੀ ਮੈਂ ਉਹਨੂੰ ਦੋਸ਼ ਦਿੰਦਾ? ਆਪਣੀ ਗਲਤੀ ਦਾ ਅਹਿਸਾਸ ਉਸ ਨੂੰ ਹੋ ਚੁੱਕਾ ਸੀ। ਸੋਚਦਾ ਰਿਹਾ ਕਿ ਕੀ ਹੋ ਸਕਦਾ ਹੈ, ਪਰ ਕੁਝ ਨਹੀਂ ਸੀ ਹੋ ਸਕਣਾ। ਮੈਂ ਕਿਹਾ, 'ਤਾਰਾ ਤੂੰ ਲੇਟ ਹੋ ਰਹੀ ਐ। ਬਾਹਰ ਮੌਸਮ ਵੀ ਠੀਕ ਨਹੀਂ। ਤੂੰ ਘਰੇ ਜਾ। ਦੇਖਦੇ ਆਂ ਕੀ ਕਰਨੈ।' ਮੈਂ ਤਾਰਾ ਕੋਲੋਂ ਉਸ ਬੰਦੇ ਦਾ ਅਤਾ ਪਤਾ ਸਭ ਲੈ ਲਿਆ। ਉਹਦਾ ਆਪਣਾ ਫੋਨ ਵੀ ਲੈ ਲਿਆ, ਆਪਣਾ ਉਹਨੂੰ ਦੇ ਦਿੱਤਾ। ਕਿਹਾ, 'ਜੇ ਹੁਣ ਉਹਦਾ ਫੋਨ ਆਏ ਜਾਂ ਕਿਤੇ ਆਉਣ ਲਈ ਕਹੇ, ਮੈਨੂੰ ਨਾਲ ਦੀ ਨਾਲ ਸੂਚਿਤ ਕਰ ਦੇਈ।'

ਤਾਰਾ ਨੂੰ ਮੈਂ ਥਰੀ ਵ੍ਹੀਲਰ 'ਤੇ ਬਿਠਾ ਆਇਆ। ਵਾਪਸ ਆ ਕੇ ਕਿੰਨੀ ਦੇਰ ਕੁਰਸੀ 'ਤੇ ਬੈਠਾਂ ਸੋਚਦਾ ਰਿਹਾ। ਸਾਊ ਪਰਵਾਰ ਦੀ ਸਾਊ ਕੁੜੀ ਸੀ ਤਾਰਾ। ਕਿਹੋ ਜਿਹੀ ਘਿਨੌਣੀ ਸਥਿਤੀ 'ਚ ਫਸ ਗਈ ਸੀ। ਅਗਲੇ ਦਿਨ ਛੁੱਟੀ ਸੀ। ਮੈਂ ਆਪਣੇ ਮਿੱਤਰ ਸੁਖਵੰਤ ਸਿੱਧੂ ਨੂੰ ਫੋਨ ਕੀਤਾ ਕਿ ਮੈਂ ਆਉਣੈ। ਅੱਗੋਂ ਹੱਸ ਕੇ ਕਹਿੰਦਾ, 'ਤੂੰ ਟਾਈਮ ਲੈ ਕੇ ਆਉਣੈ? ਜਦੋਂ ਜੀਅ ਕਰੇ ਆ ਜੀ।' ਮੈਂ ਕਿਹਾ, 'ਬਾਈ, ਤੂੰ ਹੁਣ ਵੱਡੀ ਵਕੀਲ ਜੋ ਹੋ ਗਿਆ, ਪੁੱਛ ਕੇ ਆਉਣਾ ਠੀਕ ਐ।' 'ਅੱਛਾ, ਅੱਛਾ', ਅੱਗੋਂ ਕਹਿੰਦਾ, 'ਜਦ ਜੀਅ ਕਰੇ ਆ ਜੀ- ਘਰੇ ਈ ਆਂ ਮੈਂ ਅੱਜ।'

ਯਾਰਾਂ ਵਜੇ ਮੈਂ ਸੁਖਵੰਤ ਦੀ ਵੱਡੀ ਸਾਰੀ ਕੋਠੀ ਪਹੁੰਚ ਗਿਆ। ਦਰਵਾਜ਼ੇ ਦੀ ਘੰਟੀ ਵਜਾਈ ਤਾਂ ਉਹ ਆਪ ਹੀ ਆ ਗਿਆ। ਜੱਫੀ ਪਾ ਕੇ ਅੰਦਰ ਲੈ ਗਿਆ। ਆਪਣੀ ਪਤਨੀ ਨਾਲ ਮਿਲਾਇਆ। ਜਦੋਂ ਚਾਹ ਪਾਣੀ ਪੀ ਹਟੇ, ਮੈਂ ਕਿਹਾ, 'ਇਕ ਜ਼ਰੂਰੀ ਗੱਲ ਕਰਨੀ ਐ ਸੁਖਵੰਤ, ਤੇਰੇ ਦਫਤਰ 'ਚ ਬੈਠੀਏ?' ਥੋੜ੍ਹਾ ਹੈਰਾਨ ਹੋ ਕੇ ਉਹਨੇ ਮੇਰੇ ਵੱਲ ਦੇਖਿਆ, ਜਿਵੇਂ ਬੁੱਝਣ ਦੀ ਕੋਸ਼ਿਸ਼ ਕਰ ਰਿਹਾ ਹੋਵੇ ਕਿ ਇਹੋ ਜਿਹੀ ਕਿਹੜੀ ਗੱਲ ਐ ਜਿਹੜੀ ਇਥੇ ਡਰਾਇੰਗ ਰੂਮ 'ਚ ਨਹੀਂ ਹੋ ਸਕਦੀ। ਕਹਿੰਦਾ, 'ਠੀਕ ਐ।' ਤੇ ਅਸੀਂ ਉਠ ਕੇ ਉਹਦੇ ਦਫਤਰ 'ਚ ਆ ਗਏ।

ਮੈਂ ਬੜੇ ਸੰਜਮ ਨਾਲ ਸਾਰੀ ਗੱਲ ਸੁਖਵੰਤ ਨੂੰ ਦੱਸੀ। ਉਹ ਸੁਣਦਾ ਰਿਹਾ ਤੇ ਉਹਦਾ ਚਿਹਰਾ ਗੰਭੀਰ ਹੁੰਦਾ ਗਿਆ। ਸਾਰੀ ਗੱਲ ਸੁਣ ਕੇ ਇਕੇਰਾਂ ਉਹ ਕੁੜੀਆਂ ਉਤੇ ਹਰਖ ਗਿਆ। ਮੈਂ ਕਿਹਾ, 'ਹੋਰਨਾਂ ਬਾਰੇ ਮੈਂ ਕੁਝ ਨ੍ਹੀਂ ਕਹਿੰਦਾ ਸੁੱਖੀ, ਪਰ ਤਾਰਾ ਬਹੁਤ ਸਾਊ ਕੁੜੀ ਐ। ਦੋ ਸਾਲ ਮੇਰੇ ਨਾਲ ਪੜ੍ਹੀ, ਕਦੇ ਉਚਾ ਨੀਵਾਂ ਬੋਲਦਿਆਂ ਵੀ ਨਹੀਂ ਸੁਣਿਆ ਉਹਨੂੰ। ਸ਼ਾਇਦ ਸਾਊ ਸੀ ਤਾਂ ਹੀ ਇਸ ਚੱਕਰ 'ਚ ਫਸ ਗਈ।'

ਸੁਖਵੰਤ ਕੁਝ ਦੇਰ ਸੋਚਦਾ ਰਿਹਾ। ਫਿਰ ਉਹਨੇ ਫੋਨ ਘੁਮਾਇਆ। ਕਿਸੇ ਗੁਰਜੀਤ ਗਿੱਲ ਨਾਲ ਉਹਦੇ ਗੱਲ ਕੀਤੀ ਤੇ ਪੁੱਛਿਆ ਕਿ ਕਦੋਂ ਮਿਲ ਸਕਦਾ ਸੀ ਉਹ। ਫੋਨ ਰੱਖ ਕੇ ਕਹਿੰਦਾ, 'ਡੀ ਐਸ ਪੀ ਐ। ਮਿੱਤਰ ਐ ਆਪਣਾ। ਪਿੰਡ ਗਿਆ ਹੋਇਐ ਆਥਣੇ ਏਧਰੋਂ ਲੰਘਦਾ ਮਿਲ ਕੇ ਜਾਊਗਾ। ਮੈਂ ਕਰਦਾਂ ਗੱਲ ਉਹਦੇ ਨਾਲ। ਕਈ ਵਾਰ ਇਹ ਮੁੰਡੇ ਇਕੱਲੇ ਦੁਕੱਲੇ ਨਹੀਂ ਹੁੰਦੇ, ਪੂਰਾ ਗਰੋਹ ਹੁੰਦਾ। ਖਤਰਨਾਕ ਹੋ ਸਕਦੇ ਨੇ। ਕੋਈ ਨ੍ਹੀਂ, ਗੱਲ ਕਰਕੇ ਦੱਸਦਾਂ ਤੈਨੂੰ।'

'ਠੀਕ ਐ,' ਮੈਂ ਕਿਹਾ, 'ਮੈਂ ਚੱਲਦਾਂ, ਜੇ ਗਿੱਲ ਨਾਲ ਗੱਲ ਹੋ ਗਈ, ਫੋਨ ਕਰ ਦੇਈ।' ਆਖ ਕੇ ਮੈਂ ਆ ਗਿਆ। ਧਰਵਾਸ ਹੋਇਆ ਕਿ ਗੱਲ ਠੀਕ ਲੀਹ 'ਤੇ ਪੈ ਗਈ ਸੀ। ਮੇਰਾ ਖਾਣਾ ਅੱਠ ਕੁ ਵਜੇ ਨੇੜੇ ਇਕ ਪੀ ਜੀ ਤੋਂ ਆ ਜਾਂਦਾ ਸੀ। ਖਾਣਾ ਖਾ ਕੇ ਹਟਿਆ ਸੀ ਕਿ ਸੁਖਵੰਤ ਦਾ ਫੋਨ ਆ ਗਿਆ। ਕਹਿੰਦਾ, 'ਗੁਰਜੀਤ ਨਾਲ ਗੱਲ ਹੋਗੀ, ਤੂੰ ਕੱਲ੍ਹ ਸ਼ਾਮ ਆ ਜੀਂ, ਉਹ ਵੀ ਆ ਜਾਊ। ਬੈਠ ਕੇ ਰਾਇ ਕਰ ਲਵਾਂਗੇ।' ਮੈਂ ਕਿਹਾ, 'ਠੀਕ ਐ, ਆ ਜਾਊਂ।'

ਮੈਂ ਅਗਲੀ ਸ਼ਾਮ ਸੁਖਵੰਤ ਦੀ ਕੋਠੀ ਪੁਹੰਚਿਆ ਤਾਂ ਉਹ ਦਫਤਰ 'ਚ ਬੈਠਾ ਆਪਣੇ ਮੁਨਸ਼ੀ ਨੂੰ ਕੁਝ ਹਦਾਇਤਾਂ ਕਰ ਰਿਹਾ ਸੀ। ਇਕ ਸੱਜਣ ਹੋਰ ਵੀ ਬੈਠੇ ਸੀ, ਉਨ੍ਹਾਂ ਨੂੰ ਕਹਿੰਦਾ, 'ਠੀਕ ਐ, ਦਸ ਤਰੀਕ ਐ ਆਪਣੀ। ਜਿਹੜਾ ਕਾਗਜ਼ ਤੁਹਾਨੂੰ ਕਿਹਾ ਉਹ ਦੇ ਜਾਣਾ।'

ਅਸੀਂ ਇਕੱਲੇ ਰਹਿ ਗਏ ਤਾਂ ਸੁਖਵੰਤ ਨੇ ਘੜੀ ਦੇਖੀ। ਕਹਿੰਦਾ, 'ਆਇਆ ਨਹੀਂ ਅਜੇ ਗੁਰਜੀਤ, ਕਹਿੰਦਾ ਸੀ ਸਾਢੇ ਪੰਜ ਪਹੁੰਚ ਜਾਊਂ। ਚਾਹ ਲਈ ਕਹਾਂ ਕਿ ਉਡੀਕ ਲਈਏ ਉਹਨੂੰ?' 'ਉਡੀਕ ਲੈਂਦੇ ਆਂ,' ਮੈਂ ਕਿਹਾ। 'ਜਿਹੜੀ ਗੱਲ ਮੈਂ ਕਹੀ ਸੀ, ਉਹ ਠੀਕ ਹੀ ਨਿਕਲੀ, ' ਸੁਖਵੰਤ ਬੋਲਿਆ, 'ਪੂਰੀ ਜੁੰਡਲੀ ਐ, ਉਸ ਮੁੰਡੇ ਨੂੰ ਵੀ ਜਾਣਦੈ ਗਿੱਲ। ਉਹ ਆਪ ਤਾਂ ਕੁਝ ਨਹੀਂ, ਕੁਝ ਯਾਰ ਬੇਲੀ ਹੈਗੇ ਉਹਦੇ ਮੁਜਰਿਮਾਂ ਵਰਗੇ।'

ਸਾਨੂੰ ਦਸ ਕੁ ਮਿੰਟ ਉਡੀਕਣਾ ਪਿਆ ਹੋਵੇਗਾ, ਗੁਰਜੀਤ ਆ ਗਿਆ। ਸੁਖਵੰਤ ਨੇ ਸਾਡਾ ਤੁਆਰੁਫ ਕਰਵਾਇਆ, 'ਗੁਰਜੀਤ, ਇਹ ਮਨਵੀਰ ਆਰਕੀਟੈਕਟ।' ਅਸੀਂ ਹੱਥ ਮਿਲਾਏ। ਗੁਰਜੀਤ ਕਹਿੰਦਾ, 'ਸੁੱਖੀ, ਜਲਦੀ ਵਿੱਚ ਆਂ। ਇਕ ਮੀਟਿੰਗ ਰੱਖ ਲਈ ਆਈ ਜੀ ਸਾਬ੍ਹ ਨੇ।'

ਮੇਰੇ ਵੱਲ ਦੇਖ ਕੇ ਕਹਿੰਦਾ, 'ਐਤਕੀਂ ਜਦੋਂ ਉਹ ਕੁੜੀ ਨੂੰ ਫੋਨ ਕਰੇ, ਮੈਨੂੰ ਇਤਲਾਹ ਕਰ ਦੇਣਾ। ਬਾਕੀ ਮੈਂ ਜਾਣਾ ਮੇਰਾ ਕੰਮ ਜਾਣੇ। ਉਨ੍ਹਾਂ ਦੇ ਸਿਆਸੀ ਸਬੰਧ ਹੈਗੇ ਪਤਾ ਮੈਂ ਕੋਈ ਨ੍ਹੀਂ ਦੇਖ ਲਵਾਂਗੇ।' ਫਿਰ ਸੁਖਵੰਤ ਨੂੰ ਕਹਿੰਦਾ, 'ਲੈ ਬਈ ਸੁੱਖੀ, ਮੈਂ ਚੱਲਦਾਂ।' ਸੁਖਵੰਤ ਕਹਿੰਦਾ, 'ਚਾਹ ਕੌਫੀ ਤਾਂ ਪੀ ਜਾਂਦਾ।' 'ਫੇਰ ਸਹੀ,' ਆਖ ਕੇ ਉਹ ਉਠ ਖੜਿਆ। ਅਸੀਂ ਦੋਵੇਂ ਉਹਨੂੰ ਬਾਹਰਲੇ ਗੇਟ ਤੱਕ ਛੱਡਣ ਗਏ। ਮੈਂ ਉਹਦਾ ਸ਼ੁਕਰੀਆ ਕੀਤਾ ਤਾਂ ਹੱਸ ਕੇ ਕਹਿੰਦਾ, 'ਤੁਹਾਡੀ ਲੋੜ ਵੀ ਜਲਦੀ ਪਏਗੀ ਆਰਕੀਟੈਕਟ ਸਾਬ੍ਹ, ਮੈਂ ਮਕਾਨ ਸ਼ੁਰੂ ਕਰਨ ਵਾਲਾਂ।' 'ਜ਼ਰੂਰ ਕਿਉਂ ਨਹੀਂ,' ਮੈਂ ਕਿਹਾ। ਉਹ ਹੱਥ ਮਿਲਾ ਕੇ ਬਾਹਰ ਉਡੀਕਦੀ ਜੀਪ ਵਿੱਚ ਜਾ ਬੈਠਾ। ਮੈਨੂੰ ਉਹ ਚੰਗਾ ਲੱਗਿਆ।

ਅਸੀਂ ਦਫਤਰ 'ਚ ਆ ਗਏ। ਸੁਖਵੰਤ ਨੇ ਚਾਹ ਲਈ ਫੋਨ ਕਰ ਦਿੱਤਾ। ਮੈਂ ਕਿਹਾ, 'ਵਧੀਆ ਬੰਦੈ ਗੁਰਜੀਤ।' 'ਬਹੁਤ ਘੱਟ ਬੰਦੇ ਹੁੰਦੇ ਐ ਇਹੋ ਜਿਹੇ, ਬਹਾਦਰ ਤੇ ਇਮਾਨਦਾਰ।' ਸੁਖਵੰਤ ਨੇ ਹਾਮੀ ਭਰੀ। 'ਚਲਦਾਂ,' ਮੈਂ ਚਾਹ ਪੀ ਲੈਣ ਪਿੱਛੋਂ ਸੁਖਵੰਤ ਨੂੰ ਕਿਹਾ, 'ਮੈਂ ਤੈਨੂੰ ਸੰਪਰਕ ਕਰਦਾ ਰਹਾਂਗਾ ਸ਼ੁਕਰੀਆ।'

ਕੋਈ ਪੰਦਰਾਂ ਕੁ ਦਿਨ ਲੰਘ ਗਏ ਹੋਣਗੇ ਜਦੋਂ ਮੈਨੂੰ ਤਾਰਾ ਦਾ ਫੋਨ ਆਇਆ। ਕਹਿੰਦੀ, 'ਫੇਰ ਬੁਲਾ ਰਿਹੈ।' ਮੇਰੇ ਪੁੱਛਣ 'ਤੇ ਸਾਰਾ ਵੇਰਵਾ ਉਹਨੇ ਦੇ ਦਿੱਤਾ ਕਿ ਉਹਨੇ ਕਿਸ ਦਿਨ, ਕਿੱਥੇ, ਕਦੋਂ ਬੁਲ-ਾਇਆ ਸੀ। ਮੈਂ ਫੌਰੀ ਸੁਖਵੰਤ ਨੂੰ ਫੋਨ ਕੀਤਾ। ਕਹਿੰਦਾ, 'ਠੀਕ ਐ, ਮੈਂ ਗੁਰਜੀਤ ਨੂੰ ਦੱਸ ਦਿੰਦਾਂ, ਨਾਲੇ ਪੁੱਛ ਲੈਂਦਾਂ ਕਦੋਂ ਘਰੇ ਮਿਲੂ। ਫੇਰ ਚਲੇ ਚੱਲਾਂਗੇ।'

ਸੁਖਵੰਤ ਦਾ ਫੋਨ ਉਡੀਕਦਾ ਰਿਹਾ। ਕੋਈ ਚਾਰ ਵਜੇ ਉਹਦਾ ਫੋਨ ਆਇਆ। ਕਹਿੰਦਾ, 'ਕਿੱਥੇ ਐਂ?' ਮੈਂ ਕਿਹਾ, 'ਦਫਤਰ।' ਕਹਿੰਦਾ, 'ਇਉਂ ਕਰ ਤੂੰ ਗੁਰਜੀਤ ਕੋਲ ਜਾ ਆਂ। ਮੈਂ ਥੋੜ੍ਹਾ ਰੁੱਝਿਆ ਹੋਇਆਂ। ਮੇਰੀ ਗੱਲ ਗੋਗੀ ਉਹਦੇ ਨਾਲ। ਪੰਜ ਕੁ ਵਜੇ ਪਹੁੰਚ ਜਾਈਂ।' ਤੇ ਉਹਨੇ ਮੈਨੂੰ ਗੁਰਜੀਤ ਦਾ ਸੰਪਰਕ ਨੰਬਰ ਤੇ ਘਰ ਦਾ ਸਿਰਨਾਵਾਂ ਲਿਖਾ ਦਿੱਤਾ। ਮੈਂ ਠੀਕ ਪੰਜ ਵਜੇ ਗੁਰਜੀਤ ਦੇ ਘਰ ਦੇ ਬਾਹਰਲੇ ਗੇਟ ਕੋਲ ਪਹੁੰਚ ਕੇ ਫੋਨ ਕੀਤਾ। ਗੁਰਜੀਤ ਆਪ ਹੀ ਆ ਗਿਆ। 'ਆਓ, ਆਓ,' ਉਹਨੇ ਹੱਥ ਮਿਲਾਇਆ ਤੇ ਅੰਦਰ ਲੈ ਗਿਆ। ਕਹਿੰਦਾ, 'ਕੀ ਪੀਓਗੇ, ਚਾਹ ਚੌਫੀ ਕਿ ਕੁਝ ਠੰਢਾ?' ਮੈਂ ਕਿਹਾ, 'ਚਲੋ ਕੌਫੀ ਪੀ ਲੈਂਦੇ ਆਂ।' ਉਹਨੇ ਨੌਕਰ ਨੂੰ ਕੌਫੀ ਲਿਆਉਣ ਲਈ ਕਹਿ ਦਿੱਤਾ। ਮੈਂ ਗੁਰਜੀਤ ਨੂੰ ਸਾਰੀ ਗੱਲ ਦੱਸੀ, 'ਆਹ ਆਉਣ ਵਾਲੇ ਸ਼ੁੱਕਰਵਾਰ ਗਰੀਨ ਬੁਲ-ਾਇਆ ਤਿੰਨ ਵਜੇ ਉਹਨੂੰ।' ਉਹ ਚੁੱਪ ਕਰਕੇ ਸੁਣਦਾ ਰਿਹਾ। ਬੋਲਿਆ ਨਹੀਂ। ਸ਼ਾਇਦ ਮਨ ਹੀ ਮਨ ਕੋਈ ਵਿਉਂਤ ਬਣਾ ਰਿਹਾ ਸੀ। ਮੇਰੇ ਵੱਲ ਦੇਖ ਕੇ ਕਹਿੰਦਾ, 'ਇਕ ਸ਼ਿਕਾਇਤ ਕੁੜੀ ਵੱਲੋਂ ਚਾਹੀਦੀ ਹੋਏਗੀ। ਲੋੜ ਪੈ ਸਕਦੀ ਐ। ਤੁਸੀਂ ਆਪੇ ਬਣਾ ਲਿਉ। ਦਸਖਤ ਉਹਤੋਂ ਕਰਵਾ ਲੈਣਾ।' ਉਹ ਦੱਸਦਾ ਰਿਹਾ ਕਿ ਵਿੱਚ ਕੀ ਲਿਖਣਾ ਹੈ ਤਾਂ ਸ਼ਿਕਾਇਤ ਦੀ ਅਰਜ਼ੀ ਕੀਹਨੂੰ ਸੰਬੋਧਨ ਕਰਨੀ ਹੈ। ਕਹਿੰਦਾ, 'ਅਰਜ਼ੀ ਕੱਲ੍ਹ ਸਵੇਰੇ ਫੜਾ ਜਾਇਉ।'

'ਠੀਕ ਐ,' ਮੈਂ ਕਿਹਾ। ਗੁਰਜੀਤ ਕੋਲੋਂ ਉਠ ਕੇ ਮੈਂ ਸਿੱਧਾ ਸਾਈਬਰ ਕੈਫੇ ਗਿਆ। ਅਰਜ਼ੀ ਟਾਈਮ ਕੀਤੀ। ਸਾਰਾ ਵੇਰਵਾ ਤਾਂ ਸੀ ਹੀ ਮੇਰੇ ਕੋਲ। ਇਕ ਦੋ ਗੱਲਾਂ ਸਪਸ਼ਟ ਕਰਨ ਵਾਲੀਆਂ ਸਨ। ਉਹ ਮੈਂ ਤਾਰਾ ਕੋਲੋਂ ਫੋਨ 'ਤੇ ਪੁੱਛ ਲਈਆਂ, ਨਾਲੇ ਉਹਨੂੰ ਕਿਹਾ ਕਿ ਕੈਫੇ ਆ ਜਾਏ। ਮੈਂ ਪ੍ਰਿੰਟ ਅਜੇ ਲਏ ਹੀ ਸੀ ਕਿ ਤਾਰਾ ਆ ਗਈ। ਸੁਖਵੰਤ ਤੇ ਗੁਰਜੀਤ ਨਾਲ ਹੋਈ ਗੱਲਬਾਤ ਉਹਨੂੰ ਦੱਸੀ ਤੇ ਅਰਜ਼ੀ 'ਤੇ ਦਸਤਖਤ ਕਰਨ ਲਈ ਕਿਹਾ। 'ਜੇ ਉਨ੍ਹਾਂ ਨੂੰ ਪਤਾ ਲੱਗ ਗਿਆ ਰਿਪੋਰਟ ਮੈਂ ਕੀਤੀ ਐ?' ਤਾਰਾ ਦੀਆਂ ਅੱਖਾਂ 'ਚ ਡਰ ਸੀ। ਮੈਂ ਕਿਹਾ, 'ਤਾਰਾ, ਕੋਈ ਹੋਰ ਚਾਰਾ ਨਹੀਂ ਆਪਣੇ ਕੋਲ। ਗੁਰਜੀਤ ਤੇਰੀ ਇਹ ਸ਼ਿਕਾਇਤ ਆਪਣੇ ਕੋਲ ਹੀ ਰੱਖੂਗਾ। ਜੇ ਲੋੜ ਪਈ ਤਾਂ ਹੀ ਵਰਤੇਗਾ। ਘਬਰਾ ਨਾ, ਮੈਂ ਜੋ ਹਾਂ ਤੇਰੇ ਨਾਲ।' ਤਾਰਾ ਨੇ ਫਿਰ ਕੁਝ ਨਹੀਂ ਕਿਹਾ। ਕਾਗਜ਼ 'ਤੇ ਦਸਤਖਤ ਕਰ ਦਿੱਤੇ।

ਮੈਂ ਅਗਲੀ ਸਵੇਰ ਗੁਰਜੀਤ ਨੂੰ ਕਾਗਜ਼ ਫੜਾ ਦਿੱਤੇ। ਉਹਨੇ ਸਰਸਰੀ ਨਿਗ੍ਹਾ ਮਾਰ ਕੇ ਕਿਹਾ, 'ਠੀਕ ਐ? ਬਾਕੀ ਹੁਣ ਮੇਰੇ 'ਤੇ ਛੱਡ ਦਿਉ।' ਮੈਂ ਕਿਹਾ, 'ਚੰਗਾ ਹੋਵੇ ਜੇ ਲੜਕੀ ਦਾ ਨਾਂ ਵਿੱਚ ਨਾ ਆਏ। ਜੇ ਉਨ੍ਹਾਂ ਨੂੰ ਪਤਾ ਲੱਗ ਗਿਆ, ਹੋਰ ਨੁਕਸਾਨ ਨਾ ਕਰਨ।' 'ਫਿਕਰ ਨਾ ਕਰ, ਅਸੀਂ ਕਾਹਦੇ ਲਈ ਆਂ।' 'ਕੁਝ ਤਸਵੀਰਾਂ ਵੀ ਹੈਗੀਆਂ ਉਸ ਮੁੰਡੇ ਕੋਲ।' 'ਸਭ ਕਢਾ ਲਵਾਂਗੇ।' ਜਦੋਂ ਗੁਰਜੀਤ ਨੇ ਕਿਹਾ, ਮੈਂ ਉਠ ਖੜਿਆ। ਉਹਦਾ ਸ਼ੁਕਰੀਆ ਕੀਤਾ ਤੇ ਬਾਹਰ ਆ ਕੇ ਮੋਟਰ ਸਾਈਕਲ ਦਫਤਰ ਵੱਲ ਮੋੜ ਲਿਆ।

ਕੋਈ ਤਿੰਨ ਚਾਰ ਦਿਨਾਂ ਬਾਅਦ ਸੁਖਵੰਤ ਦਾ ਰਾਤੀਂ ਫੋਨ ਆਇਆ। ਦੱਸਣ ਲੱਗਿਆ, 'ਗੁਰਜੀਤ ਨੇ ਦੱਸਿਆ ਚੱਕ ਲਿਆ ਉਸ ਨੂੰ। ਚੰਗਾ ਥੈਂਬੜਿਆ। ਸਭ ਕੁਝ ਕਢਵਾ ਲਿਆ ਉਹਤੋਂ। ਨਾਲ ਦੇ ਵੀ ਫੜ ਲਏ।' 'ਸ਼ਾਬਾਸ਼' ਮੈਂ ਖੁਸ ਹੋ ਕੇ ਕਿਹਾ, 'ਬਾਅਦ 'ਚ ਕੋਈ ਨੁਕਸਾਨ ਤਾਂ ਨ੍ਹੀਂ ਕਰਨਗੇ?' 'ਓ ਨਹੀਂ, ਉਨ੍ਹਾਂ ਨੂੰ ਕਿਹੜਾ ਪਤੈ ਕੀਹਨੇ ਰਿਪੋਰਟ ਕੀਤੀ ਐ। ਉਹ ਨਸ਼ਿਆਂ 'ਚ ਵੀ ਨੇ।' 'ਬਹੁਤ ਠੀਕ ਹੋ ਗਿਆ ਸੁੱਖੀ। ਧੰਨਵਾਦ ਬਾਈ। ਗੁਰਜੀਤ ਨੂੰ ਫੋਨ ਕਰਾਂ?' ਸੁਖਵੰਤ ਕਹਿੰਦਾ, 'ਹੁਣ ਰਹਿਣ ਦੇ, ਲੇਟ ਐ। ਇਉਂ ਕਰੀਂ ਕੱਲ੍ਹ ਪਰਸੋਂ ਆ ਜੀਂ। ਜਾ ਆਵਾਂਗੇ ਗੁਰਜੀਤ ਵੱਲ। ਮਿਲਦੇ ਆਂ, ਗੁੱਡ ਨਾਈਟ।' 'ਗੁੱਡ ਨਾਈਟ,' ਕਹਿ ਕੇ ਮੈਂ ਫੋਨ ਬੰਦ ਕਰ ਦਿੱਤਾ।

ਅਗਲੇ ਦਿਨ ਸਵੇਰੇ ਨੂੰ ਤਾਰਾ ਨੂੰ ਦੱਸ ਦਿੱਤਾ, 'ਸਭ ਠੀਕ ਹੋ ਗਿਆ। ਕੋਈ ਫਿਕਰ ਦੀ ਗੱਲ ਨਹੀਂ। ਤੂੰ ਕੁਝ ਨਹੀਂ ਕਰਨਾ, ਕਿਤੇ ਨਹੀਂ ਜਾਣਾ। ਨਾ ਤੈਨੂੰ ਕੋਈ ਤੰਗ ਕਰੇਗਾ ਨਾ ਕੋਈ ਫੋਨ ਆਏਗਾ।' ਤਾਰਾ ਅੱਗੋਂ ਕੁਝ ਬੋਲੀ ਨਹੀਂ।

ਸ਼ਾਇਦ ਸੁਣ ਕੇ ਉਹ ਰੋਣ ਲੱਗ ਗਈ ਸੀ। ਮੈਂ ਕਿਹਾ, 'ਤਾਰਾ..!' ਹੌਲੀ ਜਿਹੇ ਬੋਲੀ, 'ਸ਼ੁਕਰੀਆ ਮਨਵੀਰ..ਮੈਂ ਆਉਂਗੀ ਕਿਸੇ ਦਿਨ।' 'ਕੋਈ ਨ੍ਹੀਂ,' ਮੈਂ ਕਿਹਾ। ਓਦਣ ਹੀ ਸੁਖਵੰਤ ਤੇ ਮੈਂ ਗੁਰਜੀਤ ਵੱਲ ਜਾ ਆਏ। ਸ਼ੁਕਰੀਆ ਕਰ ਆਏ।

ਇਸ ਤੋਂ ਬਾਅਦ ਮੇਰਾ ਜੀਵਨ ਪੁਰਾਣੀ ਲੀਹ 'ਤੇ ਆ ਗਿਆ। ਘਰੋਂ ਦਫਤਰ, ਦਫਤਰੋਂ ਘਰ! ਵਿਹਲੇ ਵੇਲੇ ਸੰਗੀਤ ਸੁਣਨਾ ਜਾਂ ਦੋਸਤੋਵਸਕੀ, ਕਾਫਕਾ ਪੜ੍ਹਨਾ ਚੰਗਾ ਲੱਗਦਾ। ਵਿੱਚ-ਵਿੱਚ ਮੈਂ ਤਾਰਾ ਨੂੰ ਪੁੱਛਦਾ ਰਿਹਾ। ਕਹਿੰਦੀ ਕਿ ਸਭ ਠੀਕ ਐ। ਦੋ ਕੁ ਮਹੀਨੇ ਲੰਘ ਗਏ ਹੋਣਗੇ। ਇਕ ਦਿਨ ਦਫਤਰੋਂ ਆ ਕੇ ਬੈਡ 'ਤੇ ਪਿਆ ਮੈਂ 'ਐਨਾ ਕਰੀਨਾ' ਪੜ੍ਹ ਰਿਹਾ ਸੀ ਕਿ ਕਿਸੇ ਨੇ ਦਰਵਾਜ਼ੇ ਦੀ ਘੰਟੀ ਵਜਾਈ। ਦਰਵਾਜ਼ਾ ਖੋਲ੍ਹਿਆ ਤਾਂ ਤਾਰਾ ਸੀ। ਉਹਦੇ ਹੱਥ ਵਿੱਚ ਲਿਫਾਫਾ ਸੀ। ਡਰਾਇੰਗ ਰੂਮ ਵਿੱਚ ਬੈਠ ਗਏ ਤਾਂ ਤਾਰਾ ਨੇ ਲਿਫਾਫਾ ਮੈਨੂੰ ਫੜਾਇਆ। ਮੈਂ ਕਿਹਾ, 'ਕੀ ਐ?' ਉਹ ਮੁਸਕਰਾਈ ਤੇ ਕਹਿੰਦੀ, 'ਦੇਖ ਲਓ।' ਮੈਂ ਦੇਖਿਆ, ਵਿਆਹ ਦਾ ਕਾਰਡ ਸੀ ਤੇ ਨਾਲ ਮੇਵਿਆਂ ਦਾ ਵੱਡਾ ਸਾਰਾ ਡੱਬਾ। ਮੈਂ ਕਾਰਡ ਖੋਲ੍ਹ ਕੇ ਪੜ੍ਹਿਆ। ਤਾਰਾ ਦਾ ਵਿਆਹ ਸੀ। 'ਬਹੁਤ ਚੰਗਾ ਹੋਇਆ ਤਾਰਾ, ਮੁਬਾਰਕ,' ਮੈਂ ਬੜਾ ਚਾਅ ਨਾਲ ਕਿਹਾ। 'ਕਿੱਥੇ ਨੇ, ਕੀ ਕਰਦੇ ਨੇ?' ਮੈਂ ਕਾਰਡ ਵੱਲ ਇਸ਼ਾਰਾ ਕਰਕੇ ਕਿਹਾ। ਕਹਿੰਦੀ, 'ਆਸਟਰੇਲੀਆ, ਇੰਜੀਨੀਅਰ ਨੇ। ਮੇਰੇ ਮਾਸੀ ਜੀ ਨੇ ਆਸਟਰੇਲੀਆ।' 'ਬਹੁਤ ਅੱਛਾ,' ਮੈਂ ਕਿਹਾ, 'ਚਾਹ ਕੌਫੀ ਲਓਗੇ?' ਕਹਿੰਦੀ, 'ਨਹੀਂ ਲੇਟ ਹੋਗੀ ਆਉਂਦੇ-ਆਉਂਦੇ। ਬੱਸ ਜਾਊਂਗੀ।'

ਤਾਰਾ ਉਠੀ ਨਹੀਂ। ਨੀਵੀਂ ਪਾਈ ਬੈਠੀ ਰਹੀ। ਜਦੋਂ ਉਹਨੇ ਮੂੰਹ ਉਪਰ ਚੁੱਕਿਆ, ਉਹਦੀਆਂ ਅੱਖਾਂ ਭਰੀਆਂ ਹੋਈਆਂ ਸਨ। ਫਿਰ ਇਕਦਮ ਉਹ ਉਠੀ ਤੇ ਉਠ ਕੇ ਉਹਨੇ ਮੇਰੇ ਦੋਵੇਂ ਪੈਰ ਛੂਹੇ। ਉਹ ਇਸ ਤਰ੍ਹਾਂ ਕਰੇਗੀ ਮੈਂ ਸੋਚਿਆ ਨਹੀਂ ਸੀ। ਮੈਂ ਕਿਹਾ, 'ਇਹ ਕੀ ਕਰ ਰਹੀ ਐਂ? ਉਠ।' ਮੈਂ ਉਹਨੂੰ ਉਠਾ ਕੇ ਕੁਰਸੀ 'ਤੇ ਬਿਠਾਇਆ। ਉਹ ਰੋ ਰਹੀ ਸੀ। 'ਜੋ ਸੈਕੜੇ ਵਾਰ ਮਨ 'ਚ ਕਰਦੀ ਰਹੀ, ਉਹੀ ਹੁਣ ਕੀਤਾ,' ਉਹ ਬੋਲੀ, 'ਮੇਰਾ ਕੋਈ ਭਰਾ ਨਹੀਂ ਸੀ ਨਾ, ਮੈਨੂੰ ਭਰਾ ਮਿਲ ਗਿਆ।' ਖੁਦ-ਬ-ਖੁਦ ਮੇਰਾ ਹੱਥ ਤਾਰਾ ਦੇ ਸਿਰ 'ਤੇ ਚੱਲਿਆ ਗਿਆ..।

ਥੋੜ੍ਹੀ ਦੇਰ ਤਾਰਾ ਬੈਠੀ, ਫਿਰ ਉਠ ਖੜੀ, 'ਮੈਂ ਜਾਂਦੀ ਆਂ।' ਮੈਂ ਉਹਦੇ ਨਾਲ ਪੌੜੀਆਂ ਉਤਰਨ ਲੱਗਾ। ਕਹਿੰਦਾ, 'ਤੁਸੀਂ ਬੈਠੋ।' ਪੌੜੀਆਂ ਉਤਰ ਕੇ ਉਹ ਰੁਕੀ ਤੇ ਉਪਰ ਝਾਕੀ, 'ਆਇਓ ਜ਼ਰੂਰ।' ਮੈਂ ਕਿਹਾ, 'ਆਊਂਗਾ ਤਾਰਾ।'

ਅਨੈਕਸੀ ਦੇ ਬਾਹਰ ਖੜਾ ਮੈਂ ਦੂਰ ਜਾਂਦੀ ਤਾਰਾ ਨੂੰ ਦੇਖਦਾ ਰਿਹਾ..।

# ਕਸ਼ਮੀਰ ਵਾਦੀ ਵਿੱਚ ਮੁਕਾਬਲੇ ਦੌਰਾਨ ਪੰਜ ਅੱਤਵਾਦੀ ਮਾਰੇ



ਜੰਮੂ, 8 ਜੂਨ (ਪੋਸਟ ਬਿਊਰੋ)- ਅੱਤਵਾਦ 'ਤੇ ਵੱਡਾ ਹਮਲਾ ਕਰਦੇ ਹੋਏ ਦੱਖਣੀ ਕਸ਼ਮੀਰ ਦੇ ਸ਼ੋਪੀਆਂ ਵਿੱਚ ਕੱਲ੍ਹ ਫਿਰ ਸੁਰੱਖਿਆ ਬਲਾਂ ਨੇ ਹਿਜ਼ਬੁਲ ਮੁਜਾਹਦੀਨ ਦੇ ਦੋ ਕਮਾਂਡਰਾਂ ਸਣੇ ਪੰਜ ਅੱਤਵਾਦੀਆਂ ਨੂੰ ਮਾਰ ਦਿੱਤਾ। ਮੁਕਾਬਲੇ ਵਾਲੀ ਥਾਂ ਤੋਂ ਭਾਰੀ ਮਾਤਰਾ ਵਿੱਚ ਹਥਿਆਰ ਅਤੇ ਗੋਲਾ ਬਾਰੂਦ ਬਰਾਮਦ ਕੀਤਾ ਗਿਆ ਹੈ।

ਮਾਰੇ ਗਏ ਅੱਤਵਾਦੀ ਕਸ਼ਮੀਰ ਵਾਦੀ ਵਿੱਚ ਵੱਡੀ ਵਾਰਦਾਤ ਕਰਨ ਲਈ ਆਏ ਸਨ। 10 ਘੰਟੇ ਲੰਮੇ ਮੁਕਾਬਲੇ ਵਿੱਚ ਇੱਕ ਘਰ ਵੀ ਨੁਕਸਾਨਿਆ ਗਿਆ ਹੈ। ਇਲਾਕੇ ਵਿੱਚ ਹੋਰ ਅੱਤਵਾਦੀ ਹੋਣ ਦੇ ਸ਼ੱਕ ਵਿੱਚ ਸ਼ਾਮ ਤੱਕ ਸੁਰੱਖਿਆ ਬਲਾਂ ਦੀ ਤਲਾਸ਼ੀ ਮੁਹਿੰਮ ਜਾਰੀ ਰਹੀ। ਇਸ ਮੌਕੇ ਸ਼ਰਾਰਤੀ ਤੱਤਾਂ ਨੇ ਮੁਕਾਬਲੇ ਵਿੱਚ ਰੁਕਾਵਟ ਪਾਉਣ ਦੀ ਕੋਸ਼ਿਸ਼ ਵੀ ਕੀਤੀ। ਅਜਿਹੇ ਸਮੇਂ ਅਫਵਾਹ ਫੈਲਣ ਤੋਂ ਰੋਕਣ ਲਈ ਮੋਬਾਈਲ ਇੰਟਰਨੈੱਟ ਸੇਵਾ ਬੰਦ ਕਰ ਦਿੱਤੀ ਗਈ ਸੀ।

ਸੁਰੱਖਿਆ ਬਲਾਂ ਨੂੰ ਸ਼ਨੀਵਾਰ ਰਾਤ ਸੂਚਨਾ ਮਿਲੀ ਸੀ ਕਿ ਸ਼ੋਪੀਆਂ ਦੇ ਰੇਬਨ ਪਿੰਡ ਵਿੱਚ ਕੁਝ ਅੱਤਵਾਦੀ ਲੁਕੇ ਹਨ। ਇਸ ਪਿੱਛੋਂ ਅੱਧੀ ਰਾਤ ਨੂੰ ਹੀ ਪੁਲਸ, ਫੌਜ ਦੀ 1-ਰਾਸ਼ਟਰੀ ਰਾਈਫਲਜ਼ ਅਤੇ ਕੇਂਦਰੀ ਪੁਲਸ ਬਲ ਦੀ ਸਾਂਝੀ ਟੀਮ ਨੇ ਪਿੰਡ ਨੂੰ ਘੇਰ ਲਿਆ। ਸਵੇਰ ਹੋਣ ਤੱਕ ਦਾ ਇੰਤਜ਼ਾਰ ਕੀਤਾ ਗਿਆ। ਅੱਤਵਾਦੀ ਪਿੰਡ ਦੇ ਇੱਕ ਘਰ ਵਿੱਚ ਲੁਕੇ ਹੋਏ ਸਨ। ਸਵੇਰੇ ਸਾਢੇ ਸੱਤ ਵਜੇ ਸੁਰੱਖਿਆ ਬਲਾਂ ਨੂੰ ਦੇਖ ਕੇ ਅੱਤਵਾਦੀਆਂ ਨੇ ਗੋਲੀਬਾਰੀ ਸ਼ੁਰੂ ਕਰ ਦਿੱਤੀ। ਮੁਕਾ-ਬਲਾ ਸ਼ਾਮ ਪੰਜ ਵਜੇ ਤੱਕ ਚੱਲਿਆ। ਗੋਲਾਬਾਰੀ ਬੰਦ ਹੋਈ ਤਾਂ ਸੁਰੱਖਿਆ ਬਲਾਂ ਨੂੰ ਨੁਕਸਾਨੇ ਹੋਏ ਮਕਾਨ 'ਚੋਂ ਪੰਜ ਅੱਤਵਾਦੀਆਂ ਦੀਆਂ ਲਾਸ਼ਾਂ ਮਿਲੀਆਂ। ਇਨ੍ਹਾਂ ਵਿੱਚੋਂ ਤਿੰਨਾਂ ਦੀ ਪਛਾਣ ਕੁਲਗਾਮ ਅਤੇ ਪੁਲਵਾਮਾ ਦੇ ਹਿਜ਼ਬੁਲ ਮੁਜਾਹਦੀਨ ਦੇ ਕਮਾਂਡਰ ਫਾਰੂਕ ਅਹਿਮਦ ਭੱਟ ਉਰਫ ਨਾਲੀ, ਰੇਵਨ ਦੇ ਸਕਲੇਨ ਅਹਿਮਦ ਅਤੇ ਬਾਬਾਪੋਰੋ ਦੇ ਸਫੇਤ ਅਮੀਨ ਨਾਇਕ ਵਜੋਂ ਹੋਈ ਹੈ। ਹੋਰ ਦੋ ਦੀ ਪਛਾਣ ਨਹੀਂ ਹੋ ਸਕੀ। ਨਾਲੀ ਏ-ਪਲੱਸ ਸ਼੍ਰੇਣੀ ਦਾ ਅੱਤਵਾਦੀ ਸੀ। ਨਵੀਦ ਬਾਬੂ ਦੀ ਗ੍ਰਿਫਤਾਰੀ ਪਿੱਛੋਂ ਕੁਲਗਾਮ ਅਤੇ ਪੁਲਵਾਮਾ ਦੀ ਕਮਾਨ ਸੌਂਪੀ ਗਈ ਸੀ।


# ਮਜ਼ਦੂਰ ਸਪੈਸ਼ਲ ਟਰੇਨਾਂ ਵਿੱਚ ਹੋਇਆ ਤਿੰਨ ਦਰਜਨ ਬੱਚਿਆਂ ਦਾ ਜਨਮ



ਨਵੀਂ ਦਿੱਲੀ, 8 ਜੂਨ (ਪੋਸਟ ਬਿਊਰੋ)- ਈਸ਼ਵਰੀ ਦੇਵੀ ਨੇ ਆਪਣੀ ਬੇਟੀ ਦਾ ਨਾਂਅ ਕਰੁਣਾ ਰੱਖਿਆ ਤੇ ਰੀਨਾ ਨੇ ਆਪਣੇ ਨਵਜੰਮੇ ਬੇਟੇ ਨੂੰ ਲਾਕਡਾਊਨ ਯਾਦਵ ਦਾ ਨਾਂਅ ਦਿੱਤਾ ਹੈ। ਇਨ੍ਹਾਂ ਸਾਰੇ ਬੱਚਿਆਂ ਦਾ ਜਨਮ ਮਜ਼ਦੂਰ ਸਪੈਸ਼ਲ ਟਰੇਨਾਂ ਵਿੱਚ ਸਫਰ ਦੌਰਾਨ ਹੋਇਆ ਹੈ। ਇਸ ਮਹਾਂਮਾਰੀ ਨੇ ਇਨਸਾਨੀ ਜੀਵਨ 'ਤੇ ਡਾਢਾ ਅਸਰ ਪਾਇਆ ਹੈ ਅਤੇ ਬੱਚਿਆਂ ਦਾ ਨਾਂਅ ਵੀ ਇਸ ਤੋਂ ਬਚੇ ਨਹੀਂ ਰਹਿ ਸਕੇ, ਜਿਸ ਦੀ ਹਰ ਪਾਸੇ ਚਰਚਾ ਹੈ।

ਕਰੁਣਾ ਦੇ ਪਿਤਾ ਰਾਜਿੰਦਰ ਯਾਦਵ ਨੂੰ ਜਦ ਕੋਰੋਨਾ ਜਾਂ ਕੋਰੋਨਾ ਵਾਇਰਸ ਦਾ ਅਸਰ ਪੁੱਛਿਆ ਗਿਆ ਤਾਂ ਉਨ੍ਹਾਂ ਨੇ ਕਿਹਾ, ਸੇਵਾ ਭਾਵ ਅਤੇ ਰਹਿਮ। ਉਨ੍ਹਾਂ ਛੱਤੀਸਗੜ੍ਹ ਦੇ ਧਰਮਪੁਰਾ ਪਿੰਡ ਤੋਂ ਕਿ ਲੋਕਾਂ ਨੇ ਬੱਚੇ ਦਾ ਨਾਂਅ ਬਿਮਾਰੀ ਦੇ ਨਾਂਅ 'ਤੇ ਰੱਖਣ ਲਈ ਕਿਹਾ। ਮੈਂ ਕੋਰੋਨਾ ਨਾਂਅ ਕਿਵੇਂ ਰੱਖ ਸਕਦਾ ਹਾਂ, ਜਦ ਇਸ ਨੇ ਏਨੇ ਲੋਕਾਂ ਦੀ ਜਾਨ ਲੈ ਲਈ ਅਤੇ ਜੀਵਨ ਬਰਬਾਦ ਕਰ ਦਿੱਤਾ। ਉਨ੍ਹਾਂ ਕਿਹਾ, ਅਸੀਂ ਇਸ ਦਾ ਨਾਂਅ ਕਰੁਣਾ ਰੱਖਿਆ, ਜਿਸ ਦਾ ਅਰਥ ਰਹਿਮ, ਸੇਵਾ ਭਾਵ ਹੁੰਦਾ ਹੈ ਜਿਸ ਦੀ ਹਰ ਕਿਸੇ ਨੂੰ ਮੁਸ਼ਕਲ ਵੇਲੇ ਲੋੜ ਪੈਂਦੀ ਹੈ। ਈਸ਼ਵਰੀ ਉਨ੍ਹਾਂ ਤਿੰਨ ਦਰਜਨ ਔਰਤਾਂ ਵਿੱਚੋਂ ਇੱਕ ਹੈ ਜਿਨ੍ਹਾਂ ਨੂੰ ਗਰਭ ਅਵਸਥਾ ਦੇ ਆਖਰੀ ਪੜਾਅ ਵਿੱਚ ਭੁੱਖ ਅਤੇ ਬੇਰੁਜ਼ਗਾਰੀ ਦਾ ਸਾਹਮਣਾ ਕਰਨਾ ਪਿਆ ਅਤੇ ਅਸਾਧਾਰਣ ਹਾਲਤਾਂ ਵਿੱਚ ਬੱਚਿਆਂ ਨੂੰ ਜਨਮ ਦਿੱਤਾ ਸੀ। ਮੁੰਬਈ ਤੋਂ ਯੂ ਪੀ ਤੱਕ ਦਾ ਸਫਰ ਕਰਨ ਵਾਲੀ ਰੀਨਾ ਨੇ ਆਪਣੇ ਬੇਟੇ ਦਾ ਨਾਂਅ ਲਾਕਡਾਊਨ ਰੱਖਿਆ ਤਾਂ ਕਿ ਜਿਸ ਮੁਸ਼ਕਲ ਹਾਲਾਤ ਵਿੱਚ ਉਹ ਪੈਦਾ ਹੋਇਆ, ਉਸ ਨੂੰ ਹਮੇਸ਼ਾ ਯਾਦ ਰੱਖਿਆ ਜਾ ਸਕੇ। ਇੱਕ ਹੋਰ ਔਰਤ ਮਮਤਾ ਯਾਦਵ ਅੱਠ ਮਈ ਨੂੰ ਜਾਮਨਗਰ-ਮੁਜ਼ੱਫਰਪੁਰ ਸਪੈਸ਼ਲ ਟਰੇਨ ਵਿੱਚ ਸਵਾਰ ਹੋਈ ਸੀ। ਉਹ ਚਾਹੁੰਦੀ ਸੀ ਕਿ ਬਿਹਾਰ ਦੇ ਛਪਰਾ ਜ਼ਿਲੇ ਵਿੱਚ ਜਦ ਉਹ ਆਪਣੇ ਬੱਚੇ ਨੂੰ ਜਨਮ ਦੇਵੇ ਤਾਂ ਉਸ ਦੀ ਮਾਂ ਉਸ ਨਾਲ ਹੋਵੇ, ਪਰ ਓਥੇ ਪਹੁੰਚਣ ਤੋਂ ਪਹਿਲਾਂ ਹੀ ਉਸ ਦੇ ਹੱਥ ਵਿੱਚ ਬੱਚਾ ਸੀ। ਰੇਲਵੇ ਦੇ ਬੁਲ-ਾਰੇ ਆਰ ਡੀ ਵਾਜਪਾਈ ਨੇ ਕਿਹਾ, ਸਾਡੇ ਕੋਲ ਐਮਰਜੈਂਸੀ ਇਲਾਜ ਸਹੂਲਤਾਂ ਹਨ ਜਿਨ੍ਹਾਂ ਰਾਹੀਂ ਐਮਰਜੈਂਸੀ ਹਾਲਤ ਵਾਲੇ ਮਰੀਜ਼ਾਂ ਦਾ ਇਲਾਜ ਕੀਤਾ ਜਾਂਦਾ ਹੈ।

# ਨੇਪਾਲ ਵੱਲੋਂ ਭਾਰਤ ਨੂੰ ਵਿਦੇਸ਼ ਸਕੱਤਰ ਪੱਧਰ ਦੀ ਵਾਰਤਾ ਦੀ ਪੇਸ਼ਕਸ਼




ਨਵੀਂ ਦਿੱਲੀ, 8 ਜੂਨ (ਪੋਸਟ ਬਿਊਰੋ)- ਨੇਪਾਲ ਨੇ ਭਾਰਤ ਨਾਲ ਵੀਡੀਓ ਕਾਨਫਰੰਸਿੰਗ ਰਾਹੀਂ ਵਿਦੇਸ਼ ਸਕੱਤਰ ਪੱਧਰ ਦੀ ਵਾਰਤਾ ਦੀ ਪੇਸ਼ਕਸ਼ ਕੀਤੀ ਹੈ। ਉਂਜ ਇਸ ਗੱਲ ਦੀ ਸੰਭਾਵਨਾ ਘੱਟ ਹੈ ਕਿ ਭਾਰਤ ਓਦੋਂ ਇਸ ਲਈ ਤਿਆਰ ਹੋਵੇਗਾ, ਜਦੋਂ ਨੇਪਾਲ ਅਗਲੇ ਹਫਤੇ ਦੂਜੇ ਸੰਵਿਧਾਨ ਸੋਧ ਬਿੱਲ ਨੂੰ ਮਨਜ਼ੂਰੀ ਦੇਣ ਲਈ ਤਿਆਰ ਹੈ, ਜਿਸ ਨਾਲ ਨਵੇਂ ਨਕਸ਼ੇ ਨੂੰ ਮਨਜ਼ੂਰ ਕੀਤਾ ਜਾਵੇਗਾ ਜਿਸ ਨਾਲ ਭਾਰਤੀ ਖੇਤਰ 'ਤੇ ਨੇਪਾਲ ਦੇ ਦਾਅਵੇ ਨੂੰ ਕਾਨੂੰਨੀ ਆਧਾਰ ਮਿਲ ਜਾਵੇਗਾ।

ਨਵੀਂ ਦਿੱਲੀ ਵਿੱਚ ਨੇਪਾਲ ਉੱਤੇ ਨਜ਼ਰ ਰੱਖਣ ਵਾਲੇ ਲੋਕਾਂ ਦੀ ਰਾਏ ਹੈ ਕਿ ਭਾਰਤ ਨੇ ਹਮੇਸ਼ਾ ਗੱਲਬਾਤ ਨੂੰ ਪਹਿਲ ਦਿੱਤੀ ਹੈ, ਪਰ ਇਹ ਤਰਕਾਂ 'ਤੇ ਨਿਰਭਰ ਕਰਦੀ ਹੈ। ਜੇ ਨੇਪਾਲ ਇਕਤਰਫਾ ਫੈਸਲਾ ਕਰਦਾ ਹੈ ਤਾਂ ਇਸ ਨਾਲ ਗੱਲਬਾਤ ਰਾਹੀਂ ਹੱਲ ਲੱਭਣ ਦੀਆਂ ਕੋਸ਼ਿਸ਼ਾਂ ਵੀ ਪ੍ਰਭਾਵਤ ਹੋਣਗੀਆਂ। ਨਵਾਂ ਸੰਵਿਧਾਨ ਲਿਆਉਣ ਲਈ ਨੇਪਾਲ ਨੇ ਤੇਜ਼ੀ ਨਾਲ ਕੰਮ ਕੀਤਾ ਹੈ। ਸਮਝਿਆ ਜਾਂਦਾ ਹੈ ਕਿ ਪ੍ਰਧਾਨ ਮੰਤਰੀ ਕੇ ਪੀ ਸ਼ਰਮਾ ਓਲੀ ਦੀ ਸਰਕਾਰ ਨੇ ਵਿਰੋਧੀ ਧਿਰ ਨੇਪਾਲੀ ਕਾਂਗਰਸ ਦਾ ਸਮਰਥਨ ਯਕੀਨੀ ਕਰ ਲਿਆ ਹੈ। ਪ੍ਰਸਤਾਵਿਤ ਸੋਧ ਨੌਂ ਜੂਨ ਨੂੰ ਦੋ ਤਿਹਾਈ ਬਹੁਮਤ ਨਾਲ ਪੇਸ਼ ਕਰ ਦਿੱਤੀ ਜਾਵੇਗੀ। ਜੇ ਮਧੇਸੀ ਪਾਰਟੀਆਂ ਸੰਵਿਧਾਨਕ ਸੋਧ ਦਾ ਵਿਰੋਧ ਵੀ ਕਰਨ ਤਾਂ ਸਰਕਾਰ ਕੋਲ ਪਾਸ ਕਰਾਉਣ ਜੋਗੀ ਗਿਣਤੀ ਮੌਜੂਦ ਹੈ।

ਭਾਰਤ ਸਰਕਾਰ ਵੱਲੋਂ ਅੱਠ ਮਈ ਨੂੰ ਲਿਪੁਲੇਖ ਦੇ ਰਸਤੇ ਕੈਲਾਸ਼ ਮਾਨ-ਸਰੋਵਰ ਨੂੰ ਜੋੜਨ ਵਾਲੀ ਸੜਕ ਸ਼ੁਰੂ ਕਰਨ ਪਿੱਛੋਂ ਦੋਵਾਂ ਦੇਸ਼ਾਂ ਦਾ ਤਣਾਅ ਵਧਿਆ ਹੈ। ਇਸ ਪਿੱਛੋਂ ਨੇਪਾਲ ਨੇ ਭਾਰਤ ਦੇ ਇੱਕ ਕਦਮ ਦਾ ਵਿਰੋਧ ਪ੍ਰਗਟਾਇਆ ਤੇ ਜਦੋਂ ਵੀਹ ਮਈ ਨੂੰ ਨਵਾਂ ਸੰਵਿਧਾਨ ਜਾਰੀ ਕੀਤਾ ਤਾਂ ਦੋਵਾਂ ਦੇਸ਼ਾਂ ਦੇ ਸੰਬੰਧਾਂ ਵਿੱਚ ਹੋਰ ਤਲਖੀ ਆਈ।

# ਪ੍ਰਵਾਸੀ ਮਜ਼ਦੂਰਾਂ ਦੀ ਮਦਦ ਕਰਦੇ ਕਲਾਕਾਰ ਸੋਨੂੰ ਸੂਦ ਨੂੰ ਸ਼ਿਵ ਸੈਨਾ ਨੇ ਭਾਜਪਾ ਦਾ ਪਿਆਦਾ ਕਿਹਾ






ਮੁੰਬਈ, 8 ਜੂਨ (ਪੋਸਟ ਬਿਊਰੋ)- ਬਾਲੀਵੁੱਡ ਅਭਿਨੇਤਾ ਸੋਨੂੰ ਸੂਦ ਜਿਥੇ ਆਪਣੀਆਂ ਕੋਸ਼ਿਸ਼ਾਂ ਨਾਲ ਸਭ ਦਾ ਦਿਲ ਜਿੱਤ ਰਹੇ ਹਨ, ਉਥੇ ਆਪਣੇ ਖਰਚੇ 'ਤੇ ਮਜ਼ਦੂਰਾਂ ਨੂੰ ਘਰ ਭੇਜਣ ਦੀ ਉਨ੍ਹਾਂ ਦੀ ਦਰਿਆਦਿਲੀ ਮਹਾਰਾਸ਼ਟਰ ਵਿੱਚ ਸੱਤਾਧਾਰੀ ਸ਼ਿਵ ਸੈਨਾ ਦੇ ਕੁਝ ਆਗੂਆਂ ਨੂੰ ਪਸੰਦ ਨਹੀਂ ਆ ਰਹੀ।

ਸ਼ਿਵ ਸੈਨਾ ਦੇ ਮੁੱਖ ਪੱਤਰ ਸਾਮਨਾ ਵਿੱਚ ਇਸ ਪਾਰਟੀ ਨੇਤਾ ਸੰਜੈ ਰਾਊਤ ਨੇ ਕਿਹਾ ਕਿ ਭਾਜਪਾ ਸੋਨੂੰ ਸੂਦ ਦੀ ਵਰਤੋਂ ਅਸਲ ਵਿੱਚ ਮਹਾਰਾਸ਼ਟਰ ਸਰਕਾਰ 'ਤੇ ਹਮਲਾ ਕਰਨ ਲਈ ਕਰ ਰਹੀ ਹੈ। ਸਾਮਨਾ ਦੇ ਕਾਲਮ 'ਚ ਲਿਖਿਆ ਹੈ ਕਿ ਮਹਾਰਾਸ਼ਟਰ 'ਚ ਸੋਸ਼ਲ ਵਰਕ ਦੀ ਲੰਬੀ ਪਰੰਪਰਾ ਹੈ, ਜਿਸ 'ਚ ਮਹਾਨ ਸਮਾਜਿਕ ਕਾਰਕੁੰਨ ਮਹਾਤਮਾ ਜਿਉਤਿਬਾ ਫੂਲੇ ਅਤੇ ਬਾਬਾ ਆਮਟੇ ਸ਼ਾਮਲ ਸਨ। ਇਸ ਲਿਸਟ 'ਚ ਇੱਕ ਹੋਰ ਵਿਅਕਤੀ ਸੋਨੂੰ ਸੂਦ ਸ਼ਾਮਲ ਹੋ ਗਿਆ ਹੈ। ਸੰਜੈ ਰਾਊਤ ਨੇ ਆਰਟੀਕਲ 'ਚ ਲਿਖਿਆ ਕਿ ਲਾਕਡਾਊਨ ਦੌਰਾਨ ਅਚਨਾਕ ਸੋਨੂੰ ਸੂਦ ਦੇ ਨਾਮ ਦਾ ਨਵਾਂ ਮਹਾਤਮਾ ਤਿਆਰ ਹੋ ਗਿਆ ਹੈ ਅਤੇ ਪ੍ਰਵਾਸੀ ਮਜ਼ਦੂਰਾਂ ਨੂੰ ਘਰ ਭੇਜਣ ਲਈ ਉਸ ਦੀ ਚਰਚਾ ਹੋ ਰਹੀ ਹੈ। ਇਨ੍ਹਾਂ ਮੁਹਿੰਮਾਂ ਪਿਛੇ ਸੋਨੂੰ ਸੂਦ ਸਿਰਫ ਇੱਕ ਚਿਹਰਾ ਹੈ। ਮਹਾਰਾਸ਼ਟਰ ਦੇ ਕੁਝ ਰਾਜਸੀ ਦਲ ਸੋਨੂੰ ਸੂਦ ਦੀ ਵਰਤੋਂ ਊਧਵ ਸਰਕਾਰ 'ਤੇ ਦੋਸ਼ ਲਾਉਣ ਲਈ ਕਰ ਰਹੇ ਹਨ। ਇਹ ਲੋਕ ਸੋਨੂੰ ਸੂਦ ਨੂੰ ਸੁਪਰਹੀਰੋ ਵਜੋਂ ਪੇਸ਼ ਕਰਨ 'ਚ ਸਫਲ ਰਹੇ ਹਨ, ਪਰ ਸੂਬਾ ਸਰਕਾਰ ਦੀ ਮਦਦ ਦੇ ਬਿਨਾਂ ਉਹ ਕੁਝ ਨਹੀਂ ਕਰ ਸਕਦੇ। ਇਸ ਤਰ੍ਹਾ ਕੁਝ ਹੋਰ ਸ਼ਿਵ ਸੈਨਾ ਨੇਤਾਵਾਂ ਨੇ ਵੀ ਕਿਹਾ ਹੈ।

# ਰਿਚਰਡ ਡਾਕਿੰਨਸ ਇਨਾਮ ਜਿੱਤਣ ਵਾਲੇ ਜਾਵੇਦ ਅਖ਼ਤਰ ਪਹਿਲੇ ਭਾਰਤੀ ਬਣੇ



ਮੁੰਬਈ, 8 ਜੂਨ (ਪੋਸਟ ਬਿਊਰੋ)- ਗੀਤਕਾਰ ਜਾਵੇਦ ਅਖ਼ਤਰ ਨੂੰ ਸਾਲ 2020 ਦੇ ਰਿਚਰਡ ਡਾਕਿੰਨਸ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ ਹੈ। ਅਖ਼ਤਾਰ ਨੂੰ ਇਹ ਐਵਾਰਡ ਆਲੋਚਨਾਤਮਕ ਸੋਚ, ਧਾਰਮਿਕ ਸਿਧਾਂਤਾਂ ਅਤੇ ਨੀਤੀਆਂ ਦੀ ਘੋਖ ਕਰਨ, ਮਨੁੱਖੀ ਪ੍ਰਗਤੀ ਨੂੰ ਉਤਸ਼ਾਹਿਤ ਕਰਨ ਤੇ ਮਨੁੱਖੀ ਕਦਰਾਂ ਬਣਾਈ ਰੱਖਣ ਲਈ ਦਿੱਤਾ ਗਿਆ ਹੈ।

ਜਾਵੇਦ ਅਖ਼ਤਰ ਇਸ ਪੁਰਸਕਾਰ ਨੂੰ ਹਾਸਲ ਕਰਨ ਵਾਲੇ ਪਹਿਲੇ ਭਾਰਤੀ ਬਣ ਗਏ ਹਨ। ਇਸ ਤੋਂ ਪਹਿਲਾਂ ਇਹ ਇਨਾਮ ਅਮਰੀਕੀ ਹਾਸਰਸ ਕਲਾਕਾਰ ਬਿਲ ਮਹਰ ਤੇ ਦਾਰਸ਼ਨਿਕ ਕ੍ਰਿਸਟੋਫਰ ਹਿਚੈਂਸ ਨੂੰ ਦਿੱਤਾ ਗਿਆ ਸੀ। 75 ਸਾਲਾ ਜਾਵੇਦ ਅਖ਼ਤਰ ਟਵਿਟਰ 'ਤੇ ਕਾਫ਼ੀ ਸਰਗਰਮ ਰਹਿੰਦੇ ਹਨ। ਉਹ ਕਈ ਮੁੱਦਿਆਂ ਉੱਤੇ ਆਪਣੀ ਰਾਏ ਸੋਸ਼ਲ ਮੀਡੀਆ ਰਾਹੀਂ ਰੱਖਦੇ ਰਹਿੰਦੇ ਹਨ। ਪਿੱਛੇ ਜਿਹੇ ਉਨ੍ਹਾਂ ਨੇ ਨਾਗਰਿਕਤਾ ਸੋਧ ਕਾਨੂੰਨ (ਸੀ ਏ ਏ), ਤਬਲੀਗੀ ਜਮਾਤ ਦਾ ਮੁੱਦਾ ਅਤੇ ਇਸਲਾਮੋਫੋਬੀਆ 'ਤੇ ਕਈ ਟਵੀਟ ਕੀਤੇ ਸਨ। ਜਾਵੇਦ ਅਖ਼ਤਰ ਨੂੰ ਪਹਿਲਾਂ ਪਦਮਸ੍ਰੀ, ਪਦਮ ਭੂਸ਼ਣ, ਸਾਹਿਤ ਅਕਾਦਮੀ ਐਵਾਰਡ ਤੇ ਪੰਜ ਰਾਸ਼ਟਰੀ ਫ਼ਿਲਮ ਪੁਰਸਕਾਰਾਂ ਨਾਲ ਸਨਮਾਨਿਤ ਕੀਤਾ ਜਾ ਚੁੱਕਾ ਹੈ।

# ਡਾਕਟਰ ਦਾ ਚਲਾਨ ਕੱਟਣ 'ਤੇ ਪੁਲਸ ਤੇ ਸਿਹਤ ਵਿਭਾਗ ਆਹਮੋ-ਸਾਹਮਣੇ

ਪਟਿਆਲਾ, 8 ਜੂਨ (ਪੋਸਟ ਬਿਊਰੋ)- ਕਾਰ ਵਿੱਚ ਇਕੱਲੇ ਜਾਂਦੇ ਵਕਤ ਮਾਸਕ ਨਾ ਪਾਉਣ ਉੱਤੇ ਪੁਲਸ ਵੱਲੋਂ ਕੀਤੇ ਜਾ ਰਹੇ ਚਲਾਨਾਂ ਕਾਰਨ ਲੈ ਕੇ ਸਿਹਤ ਵਿਭਾਗ ਅਤੇ ਪੁਲਸ ਆਹਮੋ-ਸਾਹਮਣੇ ਆ ਗਏ ਹਨ। ਸਿਹਤ ਵਿਭਾਗ ਬਿਨਾਂ ਮਾਸਕ ਤੋਂ ਕਾਰ ਵਿੱਚ ਜਾਂਦਿਆਂ ਚਲਾਨ ਕਰਨ ਦੀ ਪੁਲਸ ਕਾਰਵਾਈ ਨੂੰ ਗਲਤ ਕਹਿੰਦਾ ਤੇ ਪੁਲਸ ਠੀਕ ਕਹਿੰਦੀ ਹੈ।

ਵਰਨਣ ਯੋਗ ਹੈ ਕਿ ਪੁਲਸ ਨੇ ਅਜਿਹੇ ਕਈ ਲੋਕਾਂ ਦੇ ਚਲਾਨ ਕੀਤੇ ਹਨ, ਪਰ ਬਿਨਾਂ ਮਾਸਕ ਤੋਂ ਕਾਰ ਵਿੱਚ ਜਾਂਦੀ ਪਟਿਆਲਾ ਜ਼ਿਲ੍ਹੇ ਦੀ ਇੱਕ ਮਹਿਲਾ ਡਾਕਟਰ ਦਾ ਚਲਾਣ ਕਰਨ ਨਾਲ ਮਾਮਲਾ ਭਖ ਗਿਆ ਹੈ। ਪੁਲਸ ਦੀ ਇਸ ਕਾਰਵਾਈ ਵਿਰੁੱਧ ਪਟਿਆਲਾ ਦੇ ਸਿਵਲ ਸਰਜਨ ਡਾ. ਹਰੀਸ਼ ਮਲਹੋਤਰਾ ਨੇ ਐਸ ਐਸ ਪੀ ਮਨਦੀਪ ਸਿੰਘ ਸਿੱਧੂ ਨੂੰ ਪੱਤਰ ਲਿਖਿਆ ਹੈ ਕਿ ਅਜਿਹਾ ਕਰਕੇ ਪਟਿਆਲਾ ਪੁਲਸ ਨਿਯਮਾਂ ਦੀ ਉਲੰਘਣਾ ਕਰ ਰਹੀ ਹੈ। ਸਿਵਲ ਸਰਜਨ ਦਾ ਤਰਕ ਸੀ ਕਿ ਕਾਰ ਵਿੱਚ ਬਿਨਾਂ ਮਾਸਕ ਤੋਂ ਜਾਂਦੇ ਕਿਸੇ ਵਿਅਕਤੀ ਦਾ ਚਲਾਨ ਨਹੀਂ ਕੀਤਾ ਜਾ ਸਕਦਾ। ਐਸ ਐਸ ਪੀ ਮਨਦੀਪ ਸਿੰਘ ਸਿੱਧੂ ਨੇ ਸਿਹਤ ਵਿਭਾਗ ਦੇ 15 ਮਈ 2020 ਦੇ ਨੋਟੀਫਿਕੇਸ਼ਨ ਦਾ ਹਵਾਲਾ ਦੇ ਕੇ ਕਿਹਾ ਹੈ ਕਿ ਵਾਹਨ ਵਿੱਚ ਸਫ਼ਰ ਕਰਦੇ ਹਰ ਵਿਅਕਤੀ ਲਈ ਮਾਸਕ ਪਹਿਨਣਾ ਲਾਜ਼ਮੀ ਹੈ, ਇਸ ਕਰਕੇ ਇਸ ਸੂਰਤ ਵਿੱਚ ਚਲਾਨ ਕਰਨ 'ਤੇ ਪੁਲਸ 'ਤੇ ਉਠਾਈ ਗਈ ਉਂਗਲ ਵਾਜਬ ਨਹੀਂ। ਉਨ੍ਹਾਂ ਨੇ ਸਿਵਲ ਸਰਜਨ ਨੂੰ ਆਪਣੀਆਂ ਵਿਭਾਗੀ ਹਦਾਇਤਾਂ ਅਤੇ ਨਿਯਮਾਂ ਪ੍ਰਤੀ ਅਪਡੇਟ ਰਹਿਣ ਦੀ ਸਲਾਹ ਦਿੱਤੀ ਹੈ। ਪੁਲਸ ਦਾ ਤਰਕ ਸੀ ਕਿ ਪੁਲਸ ਅਧਿਕਾਰੀ ਤੇ ਮੁਲਾਜ਼ਮ ਵੀ ਕੋਰੋਨਾ ਖ਼ਿਲਾਫ਼ ਜੰਗ 'ਚ ਤਿੰਨ ਮਹੀਨਿਆਂ ਤੋਂ ਪਹਿਲੀ ਕਤਾਰ 'ਚ ਰਹਿ ਕੇ ਹਰ ਵਰਗ ਨੂੰ ਸਹਿਯੋਗ ਕਰ ਰਹੇ ਹਨ। ਇਸ ਲਈ ਸਭ ਧਿਰਾਂ ਨੂੰ ਚਾਹੀਦਾ ਹੈ ਕਿ ਉਹ ਉਨ੍ਹਾਂ ਦਾ ਸਹਿਯੋਗ ਕਰਨ। ਇਸੇ ਦੌਰਾਨ ਸਿਵਲ ਸਰਜਨ ਨੇ ਕਿਹਾ ਕਿ ਇਸ ਸਬੰਧੀ ਸਥਿਤੀ ਸਪੱਸ਼ਟ ਕਰਨ ਲਈ ਉਹ ਸਿਹਤ ਵਿਭਾਗ ਦੇ ਡਾਇਰੈਕਟਰ ਨੂੰ ਪੱਤਰ ਲਿਖ ਰਹੇ ਹਨ।

# 25 ਲੱਖ ਦੀ ਲਾਟਰੀ ਕਹਿ ਕੇ ਮਹਿਲਾ ਤੋਂ ਤਿੰਨ ਲੱਖ ਰੁਪਏ ਠੱਗੇ

ਨਵਾਂ ਸ਼ਹਿਰ, 8 ਜੂਨ (ਪੋਸਟ ਬਿਊਰੋ)- ਠੱਗਾਂ ਦੇ ਇੱਕ ਗੈਂਗ ਨੇ ਮਹਿਲਾ ਨੂੰ ਫੋਨ ਕਰ ਕੇ ਲਾਟਰੀ ਦੀ ਰਕਮ ਦੇਣ ਦੇ ਬਹਾਨੇ ਵੱਖ-ਵੱਖ ਖਾਤਿਆਂ ਵਿੱਚ ਮਹਿਲਾ ਤੋਂ ਤਿੰਨ ਲੱਖ 9370 ਰੁਪਏ ਪਵਾ ਲਏ। ਇਸ ਦੇ ਬਾਅਦ ਦੋਸ਼ੀਆਂ ਨੇ ਫੋਨ ਬੰਦ ਕਰ ਦਿੱਤਾ। ਠੱਗੀ ਦੀ ਸ਼ਿਕਾਰ ਹੋਈ ਮਹਿਲਾ ਦੀ ਸ਼ਿਕਾਇਤ 'ਤੇ ਪੁਲਸ ਨੇ ਸ਼ੁਰੂ ਦੀ ਜਾਂਚ ਦੇ ਬਾਅਦ ਬਿਹਾਰ ਦੇ ਅਜੈ ਕੁਮਾਰ, ਰਾਹੁਲ ਸ਼ਰਮਾ ਅਤੇ ਅਲਾਊਦੀਨ ਅੰਸਾਰੀ ਉੱਤੇ ਕੇਸ ਦਰਜ ਕੀਤਾ ਹੈ। ਪੀੜਤ ਮਹਿਲਾ ਨੇ ਦੱਸਿਆ ਤਕਰੀਬਨ ਇੱਕ ਸਾਲ ਪਹਿਲਾਂ ਇਮੋ 'ਤੇ ਫੋਨ ਆਇਆ ਕਿ ਉਨ੍ਹਾਂ ਦਾ ਮੋਬਾਈਲ ਨੰਬਰ ਨੂੰ ਲੱਕੀ ਨੰਬਰ ਵਜੋਂ ਚੁਣਿਆ ਗਿਆ ਹੈ। ਇਸ ਦੇ ਲਈ ਉਨ੍ਹਾਂ ਨੂੰ ਕੁਝ ਰਕਮ ਪਹਿਲਾਂ ਜਮ੍ਹਾ ਕਰਾਉਣੀ ਪਵੇਗੀ, ਜੋ ਵੱਖ-ਵੱਖ ਟੈਕਸ ਵਿੱਚ ਜਾਣੀ ਹੈ। ਉਹ ਗੱਲਾਂ ਵਿੱਚ ਆ ਗਈ ਅਤੇ ਪੈਸੇ ਪਾਉਂਦੀ ਗਈ। ਉਸ ਦੇ ਪੈਸੇ ਖਤਮ ਹੋ ਗਏ ਤਾਂ ਠੱਗਾਂ ਨੇ ਸਲਾਹ ਦਿੱਤੀ ਕਿ ਜਾਂ ਗਹਿਣੇ ਵੇਚ ਦਿਓ ਜਾਂ ਫਿਰ ਗਿਰਵੀ ਰੱਖ ਦੇਣ, ਜਿਸ ਨਾਲ ਹੌਲੀ ਹੌਲੀ ਉਨ੍ਹਾਂ ਮਹਿਲਾ ਨੂੰ ਲਾਲਚ ਦੇ ਕੇ 3,09,370 ਰੁਪਏ ਖਾਤਿਆਂ ਅਤੇ ਪੇ ਟੀ ਐਮ ਵਿੱਚ ਜਮ੍ਹਾ ਕਰਵਾ ਲਏ।

# ਏ ਟੀ ਐੱਮ ਕੱਟ ਕੇ ਤਿੰਨ ਲੱਖ ਰੁਪਏ ਲੁਟੇਰੇ ਲੈ ਗਏ

ਛੇਹਰਟਾ, 8 ਜੂਨ (ਪੋਸਟ ਬਿਊਰੋ)- ਕੱਲ੍ਹ ਸਵੇਰੇ ਤਿੰਨ ਤੋਂ ਚਾਰ ਵਜੇ ਦੇ ਨੇੜੇ ਛੇਹਰਟਾ ਦੇ ਪ੍ਰਤਾਪ ਬਾਜ਼ਾਰ ਦੇ ਪੰਜਾਬ ਨੈਸ਼ਨਲ ਬੈਂਕ ਦੇ ਏ ਟੀ ਐੱਮ ਦੇ ਸ਼ਟਰ ਉੱਤੇ ਏ ਟੀ ਐੱਮ ਨੂੰ ਗੈਸ ਕਟਰ ਨਾਲ ਕੱਟ ਕੇ ਲੁਟੇਰੇ ਲਗਭਗ ਤਿੰਨ ਲੱਖ ਰੁਪਏ ਲੁੱਟ ਕੇ ਲੈ ਗਏ। ਇਸ ਵਾਰਦਾਤ ਦਾ ਪਤਾ ਸਵੇਰੇ ਛੇ ਵਜੇ ਓਦੋਂ ਲੱਗਾ, ਜਦ ਬੈਂਕ ਏ ਟੀ ਐੱਮ ਦੇ ਸਾਹਮਣੇ ਪ੍ਰਾਪਰਟੀ ਡੀਲਰ ਮਦਨ ਮੋਹਨ ਨੇ ਬੈਂਕ ਮੈਨੇਜਰ ਨੂੰ ਫੋਨ 'ਤੇ ਦੱਸਿਆ। ਮੈਨੇਜਰ ਅਰੁਣ ਨੇ ਥਾਣਾ ਛੇਹਰਟਾ ਪੁਲਸ ਨੂੰ ਸੂਚਿਤ ਕੀਤਾ। ਲੁਟੇਰਿਆਂ ਨੇ ਪਹਿਲਾਂ ਸੀ ਸੀ ਟੀ ਵੀ ਕੈਮਰੇ ਅਤੇ ਬਾਹਰ ਲੱਗੀ ਸਟਰੀਟ ਲਾਈਟ ਦੀਆਂ ਤਾਰਾਂ ਕੱਟੀਆਂ ਤੇ ਫਿਰ ਗੈਸ ਕਟਰ ਨਾਲ ਸ਼ਟਰ ਤੇ ਤਾਲੇ ਤੋੜਣ ਮਗਰੋਂ ਏ ਟੀ ਐੱਮ ਦੇ ਅੰਦਰ ਦਾਖਲ ਹੋ ਕੇ ਗੈਸ ਕਟਰ ਨਾਲ ਏ ਟੀ ਐੱਮ ਕੱਟਿਆ ਅਤੇ ਤਿੰਨ ਲੱਖ ਰੁਪਏ ਲੈ ਕੇ ਚਲੇ ਗਏ। ਲੁਟੇਰੇ ਇੰਨੇ ਤੇਜ਼ ਸਨ ਕਿ ਗੈਸ ਕਟਰ ਦੀ ਅੱਗ ਏ ਟੀ ਐੱਮ ਵਿੱਚ ਪਏ ਹੋਏ ਰੁਪਿਆਂ ਨੂੰ ਨਾ ਲੱਗੇ, ਇਸ ਲਈ ਪਾਣੀ ਦੀਆਂ ਬੋਤਲਾਂ ਵੀ ਨਾਲ ਲਿਆਏ ਸਨ। ਪੁਲਸ ਆਸਪਾਸ ਦੀਆਂ ਦੁਕਾਨਾਂ ਉੱਤੇ ਲੱਗੇ ਸੀ ਸੀ ਟੀ ਵੀ ਕੈਮਰਿਆਂ ਦੀ ਵੀਡੀਓ ਫੁਟੇਜ ਦੀ ਜਾਂਚ ਕਰ ਰਹੀ ਹੈ।

# ਜਥੇਦਾਰ ਅਕਾਲ ਤਖਤ ਦੇ ਖਾਲਿਸਤਾਨ ਬਾਰੇ ਬਿਆਨ ਤੋਂ ਭਾਜਪਾ ਨੇਤਾ ਆਰ ਪੀ ਸਿੰਘ ਭੜਕਿਆ

* ਖਾਲਿਸਤਾਨ ਚਾਹੁਣ ਵਾਲੇ ਲਾਹੌਰ ਜਾ ਕੇ ਇਹ ਮੰਗ ਕਰਨ



ਜਲੰਧਰ, 8 ਜੂਨ (ਪੋਸਟ ਬਿਊਰੋ)- ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਖਾਲਿਸਤਾਨ ਮਾਮਲੇ 'ਤੇ ਦਿੱਤੀ ਪ੍ਰਤੀਕਿਰਿਆ ਤੋਂ ਬਾਅਦ ਦੇਸ਼ ਦੀ ਸਿਆਸਤ ਭਖੀ ਹੋਈ ਹੈ। ਬਹੁਤ ਸਾਰੇ ਲੋਕ ਖਾਲਿਸਤਾਨ ਦੇ ਪੱਖ ਵਿੱਚ ਖੜੋਤੇ ਮਿਲਦੇ ਹਨ, ਪਰ ਕਾਫੀ ਵੱਡੀ ਗਿਣਤੀ ਲੋਕ ਇਸ ਦੇ ਵਿਰੁੱਧ ਵੀ ਬੋਲ ਰਹੇ ਹਨ। ਕੇਂਦਰ ਵਿੱਚ ਭਾਜਪਾ ਸਰਕਾਰ ਹੋਣ ਕਰ ਕੇ ਭਾਜਪਾ ਨੇਤਾਵਾਂ ਦੀ ਪ੍ਰਤੀਕਿਰਿਆ ਇਸ ਦੇ ਬਿਲਕੁੱਲ ਉਲਟ ਹੈ।

ਭਾਜਪਾ ਦੇ ਕੌਮੀ ਸਕੱਤਰ ਅਤੇ ਆਰ ਐਸ ਐਸ ਨਾਲ ਜੁੜੀ ਸੰਸਥਾ ਰਾਸ਼ਟਰੀ ਸਿੱਖ ਸੰਗਤ ਦੇ ਰਹਿ ਚੁੱਕੇ ਆਰ ਪੀ ਸਿੰਘ ਨੇ ਕੱਲ੍ਹ ਇੱਕ ਇੰਟਰਵਿਊ ਵਿੱਚ ਕਿਹਾ ਕਿ ਜਿਨ੍ਹਾਂ ਨੂੰ ਖਾਲਿਸਤਾਨ ਚਾਹੀਦਾ ਹੈ, ਲਾਹੌਰ ਜਾ ਕੇ ਮੰਗਣ। ਆਰ ਪੀ ਸਿੰਘ ਨੇ ਕਿਹਾ ਕਿ ਬੀਤੇ ਤਿੰਨ ਮਹੀਨਿਆਂ ਵਿੱਚ ਕੋਰੋਨਾ ਵਾਇਰਸ ਦੇ ਕਾਰਨ ਲੱਗੇ ਲਾਕਡਾਊਨ ਦੌਰਾਨ ਸਿੱਖ ਭਾਈਚਾਰੇ ਨੇ ਲੋਕਾਂ ਦੀ ਜਿੰਨੀ ਸੇਵਾ ਕੀਤੀ ਤੇ ਜਿੰਨਾ ਨਾਂ ਕਮਾਇਆ ਹੈ, ਉਸ ਦੀ ਸਾਰੀ ਦੁਨੀਆ ਵਿੱਚ ਚਰਚਾ ਹੈ। ਹਰ ਕੋਈ ਸਿੱਖਾਂ ਦੀ ਸ਼ਲਾਘਾ ਕਰ ਰਿਹਾ ਹੈ, ਪਰ ਸਿੱਖਾਂ ਦਾ ਜਿਹੜਾ ਅਕਸ ਬਣਿਆ ਸੀ, ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੇ ਬਿਆਨਾਂ ਨਾਲ ਖਰਾਬ ਹੋ ਗਿਆ ਹੈ। ਲੋਕ ਕਹਿ ਰਹੇ ਹਨ ਕਿ ਕੱਲ੍ਹ ਤੱਕ ਜਿਹੜੇ ਸਿੱਖ ਲੋਕਾਂ ਦੀ ਸੇਵਾ ਕਰ ਰਹੇ ਸਨ, ਅੱਜ ਉਹੀ ਖਾਲਿਸਤਾਨ ਮੰਗ ਰਹੇ ਹਨ। ਇਸ ਬਿਆਨ ਦਾ ਸਿੱਖਾਂ ਨੂੰ ਬਹੁਤ ਨੁਕਸਾਨ ਹੋਇਆ ਹੈ। ਉਨ੍ਹਾਂ ਕਿਹਾ ਕਿ ਜਦੋਂ ਅਸੀਂ ਦੇਸ਼ ਤੋਂ ਵੱਖ ਹੋਣ ਦੀ ਗੱਲ ਕਰਾਂਗੇ ਤਾਂ ਇਹ ਕਿਸ ਨੂੰ ਚੰਗਾ ਲੱਗੇਗਾ। 1947 ਤੋਂ ਬਾਅਦ ਭਾਰਤ ਇਕਜੁੱਟ ਦੇਸ਼ ਹੈ ਤੇ ਅੱਜ ਅਸੀਂ ਮੰਗ ਕਰ ਰਹੇ ਹਾਂ ਕਿ ਸਾਨੂੰ ਦੇਸ਼ ਤੋਂ ਵੱਖ ਕਰ ਦਿਓ। ਅੱਜ ਚੀਨੀ ਸਰਹੱਦ 'ਤੇ ਭਾਰਤ ਤੇ ਚੀਨ ਦੀਆਂ ਫੌਜਾਂ ਆਹਮਣੇ-ਸਾਹਮਣੇ ਖੜੀਆਂ ਹਨ। ਪਾਕਿਸਤਾਨ ਸਾਡੇ ਖ਼ਿਲਾਫ਼ ਸਾਜ਼ਿਸ਼ ਰਚ ਰਿਹਾ ਹੈ। ਇਸ ਮਾਹੌਲ ਵਿੱਚ ਇਸ ਤਰ੍ਹਾਂ ਦੀ ਗੱਲ ਕਰਨਾ ਬੁੱਧੀਮਾਨੀ ਵਾਲੀ ਗੱਲ ਨਹੀਂ ਹੈ।

ਵਰਨਣ ਯੋਗ ਹੈ ਕਿ ਗਿਆਨੀ ਹਰਪ੍ਰੀਤ ਸਿੰਘ ਦਾ ਬਿਆਨ ਸੀ ਕਿ ਜੇ ਕੇਂਦਰ ਸਾਨੂੰ ਖਾਲਿਸਤਾਨ ਦੇਵੇ ਤਾਂ ਸਾਨੂੰ ਮਨਜ਼ੂਰ ਹੈ। ਆਰ ਪੀ ਸਿੰਘ ਨੇ ਕਿਹਾ ਕਿ ਉਨ੍ਹਾਂ ਨੂੰ ਦੱਸਣਾ ਚਾਹੀਦਾ ਹੈ ਕਿ ਇਹ ਬਿਆਨ ਅਕਾਲ ਤਖ਼ਤ ਦੇ ਜਥੇਦਾਰ ਦਾ ਹੈ ਜਾਂ ਗਿਆਨੀ ਹਰਪ੍ਰੀਤ ਸਿੰਘ ਦਾ।, ਜੇ ਇਹ ਬਿਆਨ ਅਕਾਲ ਤਖ਼ਤ ਦੇ ਜੱਥੇਦਾਰ ਦਾ ਹੈ ਤਾਂ ਉਨ੍ਹਾਂ ਨੂੰ ਪੰਜਾਂ ਤਖ਼ਤਾਂ ਦੇ ਜੱਥੇਦਾਰਾਂ ਨੂੰ ਬੁਲਾ ਕੇ ਪ੍ਰਸਤਾਵ ਪਾਸ ਕਰਨਾ ਚਾਹੀਦਾ ਹੈ, ਪਰ ਇਹ ਕਹਿਣਾ ਗਲਤ ਹੈ ਕਿ ਹਰ ਸਿੱਖ ਖਾਲਿਸਤਾਨ ਦੀ ਮੰਗ ਕਰਦਾ ਹੈ। ਮੈਂ ਵੀ ਸਿੱਖ ਹਾਂ, ਪਰ ਮੈਂ ਮੰਗ ਨਹੀਂ ਕਰਦਾ। ਹਿੰਦੁਸਤਾਨ ਵਿੱਚ ਹੋਰ ਬਹੁਤ ਸਾਰੇ ਸਿੱਖ ਖਾਲਿਸਤਾਨ ਦੀ ਮੰਗ ਨਹੀਂ ਕਰਦੇ। ਗਿਣੇ-ਚੁਣੇ ਜਾਂ 400-500 ਲੋਕ ਇਹ ਸ਼ਰਾਰਤ ਕਰਦੇ ਹਨ। ਵਿਦੇਸ਼ਾਂ ਵਿੱਚ ਬੈਠੇ ਲੋਕ ਸ਼ਰਾਰਤਾਂ ਕਰ ਰਹੇ ਹਨ, ਜਿਹੜੇ ਦੇਸ਼ ਨੂੰ ਤੋੜਨਾ ਚਾਹੁੰਦੇ ਹਨ। ਉਨ੍ਹਾ ਕਿਹਾ ਕਿ ਭਾਰਤ ਸਰਕਾਰ ਨੇ 70 ਸਾਲਾਂ ਤੋਂ ਕਰਤਾਰਪੁਰ ਸਾਹਿਬ ਦੇ ਬੰਦ ਪਏ ਕੋਰੀਡੋਰ ਨੂੰ ਖੋਲ੍ਹਣ ਦੀ ਮੰਗ ਪੂਰਾ ਕੀਤੀ ਅਤੇ 500 ਸਾਲਾ ਪ੍ਰਕਾਸ਼ ਪੁਰਬ ਮਨਾਇਆ ਹੈ। ਦੁਨੀਆ ਦੀ ਹਰ ਭਾਸ਼ਾ ਵਿੱਚ ਗੁਰੂ ਸਾਹਿਬ ਦੀ ਬਾਣੀ ਦਾ ਤਰਜ਼ਮਾ ਹੋ ਰਿਹਾ ਹੈ। ਭਾਵੇਂ ਇਸ ਦਾ ਸਿਹਰਾ ਕੋਈ ਵੀ ਪਾਰਟੀ ਲਵੇ, 1984 ਦੇ ਸਿੱਖ ਵਿਰੋਧੀ ਦੰਗਿਆਂ ਦੇ ਕਈ ਦੋਸ਼ੀਆਂ ਨੂੰ ਜੇਲ੍ਹ ਹੋਈ ਹੈ।

ਦੂਸਰੇ ਪਾਸੇ ਹਿੰਦੂ ਰਾਸ਼ਟਰ ਜਾਂ ਰਾਮ ਰਾਜ ਬਾਰੇ ਆਰ ਪੀ ਸਿੰਘ ਨੇ ਕਿਹਾ ਕਿ ਰਾਮ ਰਾਜ ਇੱਕ ਸੰਯੁਕਤ ਰਾਜ ਦੀ ਕਲਪਨਾ ਹੈ।। ਮਹਾਤਮਾ ਗਾਂਧੀ ਵੀ ਦੇਸ਼ ਵਿੱਚ ਰਾਮ ਰਾਜ ਦੀ ਗੱਲ ਕਹਿੰਦੇ ਸਨ। ਭਾਰਤ ਦੇ 1951 ਵਿੱਚ ਸਵੀਕਾਰ ਕੀਤੇ ਸੰਵਿਧਾਨ ਨਾਲ ਬੱਝੇ ਹੋਏ ਹਾਂ, ਇਸ ਦੇ ਦਾਇਰੇ 'ਚ ਹੀ ਰਹਿਣਾ ਹੋਵੇਗਾ।

# ਗ਼ਰੀਬੀ ਤੋਂ ਤੰਗ ਆਏ 50 ਹਜ਼ਾਰ 'ਚ ਬੱਚਾ ਵੇਚਿਆ

ਲਧਿਆਣਾ, 8 ਜੂਨ (ਪੋਸਟ ਬਿਊਰੋ)- ਨਵਾਂਸ਼ਹਿਰ ਪ੍ਰਸ਼ਾਸਨ ਕੋਲ ਆਏ ਇੱਕ ਕੇਸ ਨੇ ਜਾਂਚ ਅਧਿਕਾਰੀਆਂ ਨੂੰ ਉਲਝਣ ਵਿੱਚ ਪਾ ਦਿੱਤਾ ਹੈ। ਮਾਮਲਾ ਇੱਕ ਬਾਪ ਵੱਲੋਂ ਆਪਣੇ ਬੱਚੇ ਨੂੰ ਵੇਚਣ ਦਾ ਹੈ। ਮਾਛੀਵਾੜਾ ਦੀ ਵਸਨੀਕ ਇੱਕ ਔਰਤ ਨੇ ਚਾਰ ਮਹੀਨੇ ਪਹਿਲਾਂ ਬੱਚੇ ਨੂੰ ਜਨਮ ਦਿੱਤਾ ਸੀ। ਉਸ ਦਾ ਦੋਸ਼ ਹੈ ਕਿ ਗ਼ਰੀਬੀ ਕਾਰਨ ਉਸ ਦੇ ਪਤੀ ਨੇ ਬੱਚੇ ਨੂੰ 50 ਹਜ਼ਾਰ ਵਿੱਚ ਨਵਾਂਸ਼ਹਿਰ ਦੇ ਇੱਕ ਅਜਿਹੇ ਜੋੜੇ ਨੂੰ ਵੇਚ ਦਿੱਤਾ ਸੀ, ਜਿਨ੍ਹਾਂ ਦੀ ਕੋਈ ਔਲਾਦ ਨਹੀਂ ਸੀ। ਔਰਤ ਨੇ ਪ੍ਰਸ਼ਾਸਨ ਤੋਂ ਬੱਚਾ ਵਾਪਸ ਦਿਵਾਉਣ ਦੀ ਮੰਗ ਕੀਤੀ ਹੈ। ਇੱਕ ਪਾਸੇ ਜਨਮ ਦੇਣ ਵਾਲੀ ਮਾਂ ਆਪਣੀ ਕੁੱਖੋਂ ਜਨਮ ਲੈਣ ਵਾਲੇ ਬੱਚੇ ਨੂੰ ਵਾਪਸ ਦਿਵਾਉਣ ਲਈ ਤਰਲਾ ਕਰ ਰਹੀ ਹੈ ਤਾਂ ਦੂਜੇ ਪਾਸੇ ਸਾਲਾਂ ਤੋਂ ਬੱਚਾ ਨਾ ਹੋਣ ਤੋਂ ਪ੍ਰੇਸ਼ਾਨ ਜੋੜੇ, ਖਾਸ ਕਰਕੇ ਗੋਦ ਲੈਣ ਵਾਲੀ ਔਰਤ ਕਿਸੇ ਕੀਮਤ 'ਤੇ ਬੱਚਾ ਵਾਪਸ ਕਰਨ ਲਈ ਤਿਆਰ ਨਹੀਂ ਤੇ ਕਹਿੰਦੀ ਹੈ ਕਿ ਚਾਰ ਮਹੀਨੇ ਵਿੱਚ ਉਨ੍ਹਾਂ ਦਾ ਮੋਹ ਮਾਸੂਮ ਨਾਲ ਏਨਾ ਪੈ ਚੁੱਕਾ ਹੈ ਕਿ ਉਸ ਤੋਂ ਬਿਨਾਂ ਜਿਉਣ ਬਾਰੇ ਉਹ ਸੋਚ ਵੀ ਨਹੀਂ ਸਕਦੀ। ਇਸ ਕੇਸ ਵਿੱਚ ਸਭ ਤੋਂ ਵੱਧ ਦੁਬਿਧਾ ਜਾਂਚ ਅਧਿਕਾਰੀ ਲਈ ਹੈ ਕਿ ਉਹ ਕੀ ਕਰੇ?

ਇਹ ਕੇਸ ਮਾਛੀਵਾੜਾ ਦੇ ਗ਼ਰੀਬ ਪਰਵਾਰ ਦਾ ਹੈ, ਜਿਨ੍ਹਾਂ ਦੇ ਘਰ ਚਾਰ ਮਹੀਨੇ ਪਹਿਲਾਂ ਬੱਚੇ ਨੇ ਜਨਮ ਲਿਆ ਤਾਂ ਉਨ੍ਹਾਂ ਦੀ ਆਰਥਿਕ ਹਾਲਤ ਅਜਿਹੀ ਨਹੀਂ ਸੀ ਕਿ ਉਸ ਦਾ ਸਹੀ ਤਰ੍ਹਾਂ ਪਾਲਣ-ਪੋਸ਼ਣ ਕਰ ਸਕਣ। ਗ਼ਰੀਬੀ ਦੇ ਬੋਝ ਹੇਠ ਦੱਬੇ ਪਿਤਾ ਨੇ ਨਵਜੰਮੇ ਬੱਚੇ ਨੂੰ ਪੰਜਾਹ ਹਜ਼ਾਰ ਵਿੱਚ ਨਵਾਂਸ਼ਹਿਰ ਦੇ ਬੇ-ਔਲਾਦ ਜੋੜੇ ਨੂੰ ਵੇਚਿਆ ਤਾਂ ਨੌਂ ਮਹੀਨੇ ਕੁੱਖ ਵਿੱਚ ਰੱਖਣ ਵਾਲੀ ਮਾਂ ਦੀ ਮਮਤਾ 'ਤੇ ਗ਼ਰੀਬੀ ਦਾ ਬੋਝ ਭਾਰੀ ਪੈ ਗਿਆ। ਜਨਮ ਦੇਣ ਵਾਲੀ ਔਰਤ ਆਪਣੇ ਮਾਸੂਮ ਬੱਚੇ ਦੀ ਮੰਗ ਕਰ ਰਹੀ ਹੈ ਤਾਂ ਉਥੇ ਦੂਜੇ ਪਾਸੇ ਵਿਆਹ ਦੇ 14 ਸਾਲ ਬੀਤਣ ਦੇ ਬਾਵਜੂਦ ਬੱਚਾ ਨਾ ਹੋਣ ਤੋਂ ਦੁਖੀ ਜੋੜੇ ਦੀ ਗੋਦ ਵਿੱਚ ਜਦੋਂ ਬੱਚੇ ਦੀਆਂ ਕਿਲਕਾਰੀਆਂ ਗੂੰਜੀਆਂ ਤਾਂ ਉਹ ਵਾਪਸ ਕਰਨ ਨੂੰ ਤਿਆਰ ਨਹੀਂ ਹਨ। ਜਨਮ ਦੇਣ ਵਾਲੀ ਮਾਂ ਨੇ ਬੱਚੇ ਨੂੰ ਵਾਪਸ ਹਾਸਲ ਕਰਨ ਲਈ ਕਾਨੂੰਨ ਦਾ ਦਰਵਾਜ਼ਾ ਖੜਕਾ ਦਿੱਤਾ ਹੈ। ਡਿਪਟੀ ਕਮਿਸ਼ਨਰ ਨਵਾਂਸ਼ਹਿਰ ਵਿਨੇ ਬੂਬਲਾਨੀ ਨੇ ਇਸ ਦੀ ਜਾਂਚ ਚਾਈਲਡ ਵੈਲਫੇਅਰ ਅਫ਼ਸਰ ਕੰਚਨ ਅਰੋੜਾ ਨੂੰ ਸੌਂਪੀ ਤਾਂ ਉਨ੍ਹਾਂ ਦੱਸਿਆ ਕਿ ਕੱਲ੍ਹ ਕਮੇਟੀ ਕੋਲ ਬੱਚੇ ਨੂੰ ਜਨਮ ਦੇਣ ਅਤੇ ਉਸ ਨੂੰ ਗੋਦ ਲੈਣ ਵਾਲੀਆਂ ਦੋਵੇਂ ਧਿਰਾਂ ਆਈਆਂ ਸਨ। ਇਸ ਅਡਾਪਸ਼ਨ ਵਿੱਚ ਭੂਮਿਕਾ ਅਦਾ ਕਰਨ ਵਾਲੀਆਂ ਦੋ ਔਰਤਾਂ ਬੁਲਾਉਣ ਦੇ ਬਾਵਜੂਦ ਨਹੀਂ ਆਈਆਂ। ਸੱਚ ਜਾਣਨ ਲਈ ਉਨ੍ਹਾਂ ਔਰਤਾਂ ਦਾ ਆਉਣਾ ਵੀ ਜ਼ਰੂਰੀ ਹੈ।

# ਟਰੈਵਲ ਏਜੰਟ ਦੇ ਲਾਰਿਆਂ ਤੋਂ ਤੰਗ ਲੜਕੇ ਵੱਲੋਂ ਖੁਦਕੁਸ਼ੀ



ਲੁਧਿਆਣਾ, 8 ਜੂਨ (ਪੋਸਟ ਬਿਊਰੋ)- ਵਿਦੇਸ਼ ਭੇਜਣ ਦੇ ਨਾਂਅ 'ਤੇ 10 ਲੱਖ ਰੁਪਏ ਲੈ ਕੇ ਲਾਰੇ ਲਗਾਉਣ ਵਾਲੇ ਦੋਸ਼ੀ ਏਜੰਟ ਤੋਂ ਪ੍ਰੇਸ਼ਾਨ ਇੱਕ ਵਿਅਕਤੀ ਨੇ ਜ਼ਹਿਰੀਲੀ ਦਵਾਈ ਪੀ ਕੇ ਖੁਦਕੁਸ਼ੀ ਕਰ ਲਈ ਹੈ।

ਮਿਲੀ ਜਾਣਕਾਰੀ ਅਨੁਸਾਰ ਥਾਣਾ ਕੂਮ ਕਲਾਂ ਦੇ ਪਿੰਡਭੈਣੀ ਸਾਹਿਬ ਦੇ ਰਹਿਣ ਵਾਲੀ ਸੁਖਜੀਤ ਕੌਰ ਨੇ ਪੁਲਸ ਨੂੰ ਸ਼ਿਕਾਇਤ ਵਿੱਚ ਕਿਹਾ ਕਿ ਉਸ ਦੇ ਭਰਾ ਜਗਮੋਹਣ ਸਿੰਘ ਨੇ ਸੱਤ ਸਾਲ ਪਹਿਲਾਂ ਉਨ੍ਹਾਂ ਦੇ ਜਾਣਕਾਰ ਗੁਰਵਿੰਦਰ ਸਿੰਘ ਨੂੰ ਵਿਦੇਸ਼ ਜਾਣ ਲਈ 10 ਲੱਖ ਰੁਪਏ ਦਿੱਤੇ ਸੀ, ਪਰ ਉਸ ਨੇ ਨਾ ਉਸ ਦੇ ਭਰਾ ਨੂੰ ਵਿਦੇਸ਼ ਭੇਜਿਆ ਤੇ ਨਾ ਪੈਸੇ ਵਾਪਸ ਕੀਤੇ। ਪਿਛਲੇ ਸੱਤ ਸਾਲ ਤੋਂ ਉਸ ਦੇ ਭਰਾ ਨੂੰ ਦੋਸ਼ੀ ਲਾਰੇ ਲਾ ਰਿਹਾ ਸੀ, ਜਿਸ ਕਾਰਨ ਉਸ ਦਾ ਭਰਾ ਪ੍ਰੇਸ਼ਾਨ ਰਹਿੰਦਾ ਸੀ। ਹਰ ਵਾਰ ਦੀ ਤਰ੍ਹਾਂ ਜਦੋਂ ਉਸ ਦੇ ਭਰਾ ਨੇ ਪੰਜ ਜੂਨ ਨੂੰ ਫਿਰ ਪੁੱਛਿਆ ਕਿ ਉਸ ਦੇ ਰੁਪਏ ਵਾਪਸ ਕਰੇ, ਪਰ ਉਸ ਨੂੰ ਜਦੋਂ ਪਹਿਲਾਂ ਵਾਂਗ ਫੇਰ ਲਾਰਾ ਲਾ ਕੇ ਵਾਪਸ ਕਰ ਦਿੱਤਾ ਤਾਂ ਉਸ ਦੇ ਭਰਾ ਨੇ ਪ੍ਰੇਸ਼ਾਨ ਹੋ ਕੇ ਘਰ ਵਿੱਚ ਜ਼ਹਿਰੀਲੀ ਦਵਾਈ ਪੀ ਲਈ। ਉਸ ਨੂੰ ਇਲਾਜ ਲਈ ਅਪੋਲੋ ਹਸਪਤਾਲ ਲਿਆਂਦਾ, ਪਰ ਓਥੇ ਉਸ ਦੇ ਭਰਾ ਜਗਮੋਹਣ ਸਿੰਘ ਦੀ ਮੌਤ ਹੋ ਗਈ। ਥਾਣਾ ਕੂੰਮ ਕਲਾਂ ਦੀ ਪੁਲਸ ਚੌਕੀ ਕਟਾਣੀ ਕਲਾਂ ਦੇ ਮੁਖੀ ਸਬ ਇੰਸਪੈਕਟਰ ਸਾਹਿਬ ਕੁਮਾਰ ਨੇ ਮ੍ਰਿਤਕ ਜਗਮੋਹਨ ਸਿੰਘ ਦੀ ਭੈਣ ਸੁਖਜੀਤ ਕੌਰ ਦੇ ਬਿਆਨ 'ਤੇ ਮਰਨ ਲਈ ਮਜਬੂਰ ਕਰਨ ਵਾਲੇ ਦੋਸ਼ੀ ਗੁਰਵਿੰਦਰ ਸਿੰਘ ਵਾਸੀ ਪਿੰਡ ਸਾਹਨੇਵਾਲ ਦੇ ਵਿਰੁੱਧ ਮਾਮਲਾ ਦਰਜ ਕਰ ਕੇ ਦੋਸ਼ੀ ਦੀ ਤਲਾਸ਼ ਸ਼ੁਰੂ ਕਰ ਦਿੱਤੀ ਹੈ।

# ਇਮਰਾਨ ਖ਼ਾਨ ਵੀ ਸਿੰਥੀਆ ਰਿਚੀ ਨਾਲ ਸੰਬੰਧ ਚਾਹੁੰਦੇ ਸਨ



ਇਸਲਾਮਾਬਾਦ, 8 ਜੂਨ (ਪੋਸਟ ਬਿਊਰੋ)- ਅਮਰੀਕੀ ਬਲਾਗਰ ਸਿੰਥੀਆ ਡੀ ਰਿਚੀ ਵੱਲੋਂ ਪਾਕਿ-ਸਤਾਨ ਦੇ ਸਾਬਕਾ ਗ੍ਰਹਿ ਮੰਤਰੀ ਰਹਿਮਾਨ ਮਲਿਕ 'ਤੇ ਲਾਏ ਕੁਕਰਮ ਦੇ ਦੋਸ਼ ਨੇ ਤੂਲ ਫੜ ਲਿਆ ਹੈ, ਜਿਸ ਦੇ ਚੱਲਦੇ ਇਥੇ ਸਿਆਸਤ ਪੂਰੀ ਤਰ੍ਹਾਂ ਭਖ ਗਈ ਹੈ। ਇਹੀ ਨਹੀਂ, ਹੈਰਾਨ ਕਰਨ ਵਾਲੀ ਗੱਲ ਇਹ ਹੈ ਕਿ ਕੁਕਰਮ ਕੇਸ 'ਚ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਦਾ ਨਾਂ ਵੀ ਚੁੱਕਿਆ ਜਾਣ ਲੱਗ ਪਿਆ ਹੈ ਤੇ ਚਰਚਾ ਅੱਗੇ ਵਧ ਰਹੀ ਹੈ।

ਪਾਕਿਸਤਾਨ ਦੇ ਇੱਕ ਟੀ ਵੀ ਸਟਾਰ ਦਾ ਦਾਅਵਾ ਹੈ ਕਿ ਡੀ ਰਿਚੀ ਸਿੰਥੀਆ ਨੇ ਉਨ੍ਹਾਂ ਨੂੰ ਇੱਕ ਵਾਰ ਕਿਹਾ ਸੀ ਕਿ ਇਮਰਾਨ ਉਸ ਨਾਲ ਸਰੀਰਕ ਸਬੰਧ ਬਣਾਉਣਾ ਚਾਹੁੰਦੇ ਸਨ। ਬੇਗਮ ਨਵਾਜ਼ਿਸ਼ ਦੇ ਨਾਂ ਨਾਲ ਮਸ਼ਹੂਰ ਅਲੀ ਸਲੀਮ ਨੇ ਦੱਸਿਆ ਕਿ ਸਿੰਥੀਆ ਨੇ ਮੈਨੂੰ ਕਦੇ ਨਹੀਂ ਦੱਸਿਆ ਕਿ ਰਹਿਮਾਨ ਮਲਿਕ ਨੇ ਉਸ ਦੇ ਨਾਲ ਕੁਕਰਮ ਕੀਤਾ, ਪਰ ਇਹ ਜ਼ਰੂਰ ਦੱਸਿਆ ਸੀ ਕਿ ਇਮ-ਰਾਨ ਖ਼ਾਨ ਉਸ ਨਾਲ ਹਮਬਿਸਤਰ ਹੋਣਾ ਚਾਹੁੰਦੇ ਸਨ। ਵਰਨਣ ਯੋਗ ਹੈ ਕਿ ਰਿਚੀ ਸਿੰਥੀਆ ਨੇ ਫੇਸਬੁੱਕ ਲਾਈਵ 'ਤੇ ਰਹਿਮਾਨ ਮਲਿਕ 'ਤੇ ਕੁਕਰਮ ਦਾ ਦੋਸ਼ ਲਗਾਉਣ ਦੇ ਨਾਲ ਸਾਬਕਾ ਪ੍ਰਧਾਨ ਮੰਤਰੀ ਯੂਸੁਫ ਰਜ਼ਾ ਗਿਲਾਨੀ ਅਤੇ ਸਾਬਕਾ ਸਿਹਤ ਮੰਤਰੀ ਮਖਦੂਮ ਸ਼ਹਾਬੂਦੀਨ 'ਤੇ ਹਮਲਾ ਕਰਨ ਦਾ ਦੋਸ਼ ਵੀ ਲਾਇਆ ਸੀ। ਪਾਕਿਸਤਾਨੀ ਮੀਡੀਆ ਨੇ ਦੱਸਿਆ ਕਿ ਅਲੀ ਨੇ ਕਿਹਾ ਹੈ ਕਿ ਰਹਿਮਾਨ ਮਲਿਕ ਦੇ ਲਈ ਉਨ੍ਹਾਂ ਦੇ ਮਨ ਵਿੱਚ ਕੋਈ ਹਮਦਰਦੀ ਦਾ ਭਾਵ ਨਹੀਂ, ਕਿਉਂਕਿ ਸਾਬਕਾ ਪ੍ਰਧਾਨ ਮੰਤਰੀ ਬੇਨਜ਼ੀਰ ਭੁੱਟੋ ਦੇ ਕਤਲ ਦੌਰਾਨ ਉਹ ਉਨ੍ਹਾਂ ਦੇ ਸਕਿਓਰਿਟੀ ਇੰਚਾਰਜ ਸਨ ਅਤੇ ਆਸਿਫ ਅਸੀ ਜ਼ਰਦਾਰੀ ਨੇ ਸੱਤਾ ਵਿੱਚ ਆਉਣ ਪਿੱਛੋਂ ਉਨ੍ਹਾਂ ਦੇ ਅੰਦਰੂਨੀ (ਇੰਟੀਰੀਅਰ) ਮੰਤਰੀ ਬਣਾ ਦਿੱਤਾ ਸੀ।

# ਟਰੰਪ ਨੇ ਟਵਿਟਰ ’ਤੇ ਵਿਰੋਧੀ ਉਮੀਦਵਾਰ ਨੂੰ ਲਾਭ ਪਹੁੰਚਾਉਣ ਦੇ ਦੋਸ਼ ਲਾਏ

ਸਿਆਟਲ, 8 ਜੂਨ (ਪੋਸਟ ਬਿਊਰੋ)- ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕੱਲ੍ਹ ਟਵਿਟਰ 'ਤੇ ਦੋਸ਼ ਲਗਾਇਆ ਕਿ ਉਹ ਰਿਪਬਲਿਕਨ ਪਾਰਟੀ ਦੇ ਰਾਸ਼ਟਰਪਤੀ ਤੇ ਉਨ੍ਹਾਂ ਦੇ ਵਿਰੋਧੀ ਉਮੀਦਵਾਰ ਜੋ ਬਿਡੇਨ ਦੀ ਖੁੱਲ੍ਹ ਕੇ ਮਦਦ ਕਰ ਰਹੇ ਹਨ। ਅਸਲ 'ਚ 3 ਜੂਨ ਨੂੰ ਰਾਸ਼ਟਰਪਤੀ ਟਰੰਪ ਦੀ ਟੀਮ ਨੇ ਇੱਕ 3 ਮਿੰਟ 40 ਸੈਕਿੰਡ ਦਾ ਇੱਕ ਵੀਡੀਓ ਟਵੀਟ ਕਰ ਕੇ ਅਮਰੀਕੀ ਨਾਗਰਿਕ ਜਾਰਜ ਫਲਾਇਡ ਨੂੰ ਸ਼ਰਧਾਂਜਲੀ ਭੇਟ ਕੀਤੀ ਸੀ ਪਰ ਟਵਿਟਰ ਨੇ ਇਸ ਨੂੰ ਕਾਪੀਰਾਈਟ ਨੀਤੀ ਦੀ ਉਲੰਘਣਾ ਦੱਸ ਕੇ ਇਸ ਵੀਡੀਓ ਨੂੰ ਆਯੋਗ ਕਰ ਦਿੱਤਾ ਤੇ ਇਸ ਨੂੰ ਹਟਾ ਦਿੱਤਾ ਸੀ।

ਇਸ ਤੋਂ ਬਾਅਦ ਰਾਸ਼ਟਰਪਤੀ ਡੋਨ-ਾਲਡ ਟਰੰਪ ਭੜਕ ਗਏ ਤੇ ਉਨ੍ਹਾਂ ਨੇ ਕਿਹਾ ਕਿ ਟਵਿਟਰ ਨੇ ਡੈਮੋਕ੍ਰੇਟਿਕਾਂ ਨੂੰ ਲਾਭ ਪਹੁੰਚਾਉਣ ਲਈ ਏਦਾਂ ਕੀਤਾ ਹੈ। ਟਰੰਪ ਨੇ ਕਿਹਾ ਕਿ ਟਵਿਟਰ ਨੇ ਪ੍ਰਦਰਸ਼ਨਕਾਰੀਆਂ ਪ੍ਰਤੀ ਹਮਦਰਦੀ ਦਿਖਾਉਂਦੇ ਹੋਏ ਉਨ੍ਹਾਂ ਦੇ ਵੀਡੀਓ ਨੂੰ ਡਿਲੀਟ ਕੀਤਾ ਹੈ। ਉਨ੍ਹਾਂ ਕਿਹਾ ਕਿ ਇਹ ਗ਼ੈਰ-ਕਾਨੂੰਨੀ ਹੈ ਤੇ ਧਾਰਾ 230 ਦੀ ਉਲੰਘਣਾ ਹੈ। ਟਵਿਟਰ ਦੇ ਸੀ ਈ ਓ ਜੈਕ ਡਰੋਸੀ ਨੇ ਟਵੀਟ ਕੀਤਾ ਤੇ ਕਿਹਾ ਕਿ ਰਾਸ਼ਟਰਪਤੀ ਟਰੰਪ ਦੇ ਦੋਸ਼ ਗ਼ਲਤ ਹਨ।

# ਸਚਿਨ ਨੂੰ ਆਊਟ ਕਰਨ ਪਿੱਛੋਂ ਮੈਨੂੰ ਤੇ ਅੰਪਾਇਰ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਮਿਲੀਆਂ : ਬ੍ਰੇਸਨੇਨ



ਲੰਡਨ, 8 ਜੂਨ (ਪੋਸਟ ਬਿਊਰੋ)- ਇੰਗਲੈਂਡ ਦੇ ਸਾਬਕਾ ਤੇਜ਼ ਗੇਂਦਬਾਜ਼ ਟਿਮ ਬ੍ਰੇਸਨੇਨ ਨੇ ਕਿਹਾ ਹੈ ਕਿ 2011 ਵਿੱਚ ਟੈਸਟ ਮੈਚ ਵਿੱਚ ਸਚਿਨ ਤੇਂਦੁਲਕਰ ਨੂੰ ਐਲ ਬੀ ਡਬਲਯੂ ਆਊਟ ਕਰਨ ਪਿੱਛੋਂ ਉਨ੍ਹਾਂ ਨੂੰ ਅਤੇ ਅੰਪਾਇਰ ਰਾਡ ਟਕਰ ਨੂੰ ਜਾਨ ਤੋਂ ਮਾਰਨ ਦੀ ਧਮਕੀ ਮਿਲੀ ਸੀ। ਸਚਿਨ ਇਸ ਮੈਚ ਵਿੱਚ ਸੈਂਕੜੇ ਤੋਂ ਖੁੰਝ ਗਏ ਸਨ ਅਤੇ ਜੇ ਉਹ ਸੈਂਕੜਾ ਬਣਾ ਲੈਂਦੇ ਤਾਂ ਇਹ ਉਨ੍ਹਾਂ ਦਾ ਅੰਤਰਰਾਸ਼ਟਰੀ ਕ੍ਰਿਕਟ ਵਿੱਚ 100ਵਾਂ ਸੈਂਕੜੇ ਹੁੰਦਾ।

ਸਚਿਨ ਜਦ 91 ਰਨ 'ਤੇ ਖੇਡ ਰਹੇ ਸਨ ਤਾਂ ਉਨ੍ਹਾਂ ਨੂੰ ਐਲ ਬੀ ਡਬਲਯੂ ਆਊਟ ਦੇ ਦਿੱਤਾ ਗਿਆ। ਇਹ ਬਹੁਤ ਕਰੀਬੀ ਫੈਸਲਾ ਸੀ ਕਿਉਂਕਿ ਰਿਪਲੇਅ ਵਿੱਚ ਗੇਂਦ ਲੈਗ ਸਟੰਪ ਦੇ ਉਪਰਲੇ ਹਿੱਸੇ ਨੂੰ ਛੂੰਹਦੀ ਦਿਸ ਰਹੀ ਸੀ। ਬ੍ਰੇਸਨੇਨ ਨੇ ਕਿਹਾ, ਉਨ੍ਹਾਂ ਦੇ ਨਾਂਅ 99 ਅੰਤਰਰਾਸ਼ਟਰੀ ਸੈਂਕੜੇ ਦਰਜ ਸਨ ਅਤੇ ਉਸ ਸੀਰੀਜ਼ ਵਿੱਚ ਰਿਵਿਊ ਨਹੀਂ ਸਨ ਕਰ ਸਕਦੇ, ਕਿਉਂਕਿ ਬੀ ਸੀ ਸੀ ਆਈ ਓਦੋਂ ਇਸ ਦੇ ਖਿਲਾਫ ਸੀ। ਗੇਂਦ ਸ਼ਾਇਦ ਲੈਗ ਸਟੰਪ ਦੇ ਬਾਹਰ ਜਾ ਰਹੀ ਸੀ ਤੇ ਅੰਪਾਇਰ ਟਕਰ ਨੇ ਉਨ੍ਹਾਂ ਨੂੰ ਆਊਟ ਦੇ ਦਿੱਤਾ। ਉਹ ਪੱਕੇ ਤੌਰ 'ਤੇ ਸੈਂਕੜਾ ਬਣਾ ਲੈਂਦੇ। ਬ੍ਰੇਸਨੇਨ ਨੇ ਕਿਹਾ ਕਿ ਇਸ ਪਿੱਛੋਂ ਉਨ੍ਹਾਂ ਨੂੰ ਤੇ ਅੰਪਾਇਰ ਟਕਰ ਨੂੰ ਜਾਨ ਤੋਂ ਮਾਰਨ ਦੀਆਂ ਧਮਕੀਆਂ ਮਿਲਣ ਲੱਗੀਆਂ। ਉਨ੍ਹਾਂ ਕਿਹਾ, ਟਕਰ ਦੇ ਘਰ ਲੋਕ ਧਮਕੀਆਂ ਭਰੇ ਪੱਤਰ ਭੇਜ ਰਹੇ ਸਨ। ਉਨ੍ਹਾਂ ਨੂੰ ਆਪਣੇ ਸੁਰੱਖਿਆ ਗਾਰਡ ਤੱਕ ਮੰਗਵਾਉਣੇ ਪਏ।

# 18 ਸਾਲਾ ਨੌਜਵਾਨ ਵੱਲੋਂ ਪ੍ਰਦਰਸ਼ਨ ਪਿੱਛੋਂ ਸੜਕ ’ਤੇ ਕਚਰਾ ਸਾਫ

ਵਾਸ਼ਿੰਗਟਨ, 8 ਜੂਨ (ਪੋਸਟ ਬਿਊਰੋ)- ਪੁਲਸ ਕਰਮਚਾਰੀ ਦੇ ਹੱਥੋਂ ਇੱਕ ਗੈਰ ਗੋਰੇ ਵਿਅਕਤੀ ਦੀ ਹੱਤਿਆ ਖ਼ਿਲਾਫ਼ ਪੂਰੇ ਅਮਰੀਕਾ 'ਚ ਵਿਰੋਧ ਪ੍ਰਦਰਸ਼ਨ ਹੋ ਰਹੇ ਹਨ। ਪ੍ਰਦਰਸ਼ਨਕਾਰੀਆਂ ਨੇ ਪੁਲਸ ਨਾਲ ਝੜਪ ਕੀਤੀ, ਉਨ੍ਹਾਂ 'ਤੇ ਬੰਬ ਅਤੇ ਹੋਰ ਚੀਜ਼ਾਂ ਸੁੱਟੀਆਂ ਅਤੇ ਸਾਮਾਨ ਵੀ ਸਾੜਿਆ। ਇਸ ਨਾਲ ਸੜਕਾਂ 'ਤੇ ਚਾਰੇ ਪਾਸੇ ਕੂੜਾ ਪਿਆ ਸੀ। 18 ਸਾਲਾ ਇੱਕ ਨੌਜਵਾਨ ਨੇ ਇਸ ਬਾਰੇ ਕੁਝ ਕਰਨ ਦਾ ਫੈਸਲਾ ਕੀਤਾ। ਐਂਟੋਨੀਓ ਗਿਵਨ ਜੂਨੀਅਰ ਨੇ ਇੱਕ ਝਾੜੂ ਚੁੱਕਿਆ ਅਤੇ ਕਚਰਾ ਬੈਗ ਲੈ ਕੇ ਨਿਊਯਾਰਕ ਦੇ ਸੂਬੇ 'ਚ ਆਪਣੇ ਨਗਰ ਬਫੇਲੋ ਦੀਆਂ ਸੜਕਾਂ ਦੀ ਸਫ਼ਾਈ ਸ਼ੁਰੂ ਕਰ ਦਿੱਤੀ।

ਸੀ ਐਨ ਐਨ ਨੇ ਦੱਸਿਆ ਕਿ ਉਹ ਕੱਲ੍ਹ ਸਵੇਰੇ ਦੋ ਵਜੇ ਸ਼ੁਰੂ ਹੋਇਆ, ਅਗਲੇ 10 ਘੰਟੇ ਨਹੀਂ ਰੁਕਿਆ। ਇਹ ਗੱਲ ਛੇਤੀ ਹੀ ਜੰਗਲ ਦੀ ਅੱਗ ਵਾਂਗ ਫੈਲ ਗਈ ਅਤੇ ਗਿਵਨ ਸਮਾਚਾਰ ਚੈਨਲਾਂ 'ਚ ਛਾ ਗਿਆ। ਉਸ ਨੇ ਇਸ ਕਦਮ ਨੂੰ ਦੇਖਦੇ ਹੋਏ ਉਥੇ ਰਹਿਣ ਵਾਲੇ ਲੋਕਾਂ 'ਚੋਂ ਇੱਕ ਮੈਟ ਬਲਾਕ ਨੇ ਗਿਵਨ ਨੂੰ ਆਪਣੀ ਸਾਲ 2004 ਦੀ ਲਾਲ ਮਸਟੈਂਗ ਕਾਰ ਗਿਫਟ ਦੇਣ ਦਾ ਫੈਸਲਾ ਕੀਤਾ। ਇੱਕ ਹੋਰ ਸਥਾਨਕ ਬਿਜਨਸਮੈਨ ਨੇ ਉਸ ਕਾਰ ਦੇ ਇੰਸ਼ਰੈਂਸ ਇੱਕ ਸਾਲ ਹੋਰ ਫ੍ਰੀ ਦੇਣ ਦਾ ਐਲਾਨ ਕਰ ਦਿੱਤਾ। ਬਫੇਲੋ ਦੇ ਇੱਕ ਕਾਲਜ ਨੇ ਗਿਵਨ ਨੂੰ ਸਕਾਲਰਸ਼ਿਪ ਦਿੱਤੀ ਹੈ, ਜਿਥੇ ਉਨ੍ਹਾਂ ਨੇ ਬਿਜਨੇਸ ਸਟੱਡੀ ਦੀ ਯੋਜਨਾ ਬਣਾਈ। ਵਰਨਣ ਯੋਗ ਹੈ ਕਿ ਕੱਲ੍ਹ ਬਫੇਲੋ 'ਚ ਵੀ ਅਮਰੀਕਾ ਦੇ ਕਈ ਸ਼ਹਿਰਾਂ ਵਾਂਗ ਮੁਜ਼ਾਹਰੇ ਹੋਏ ਸਨ।

# ਵਿਆਹ ਤੋਂ ਪਹਿਲਾਂ ਸਰੀਰਕ ਸਬੰਧ ਬਣਾਉਂਦੇ ਫੜੇ ਜੋੜੇ ਨੂੰ ਸੌ-ਸੌ ਕੋੜਿਆਂ ਦੀ ਸਜ਼ਾ



ਸੁਮਾਤਰਾ, 8 ਜੂਨ (ਪੋਸਟ ਬਿਊਰੋ)- ਇੱਕ ਜੋੜੇ ਨੂੰ ਵਿਆਹ ਤੋਂ ਪਹਿਲਾਂ ਸਰੀਰਕ ਸਬੰਧ ਬਣਾਉਣਾ ਮਹਿੰਗਾ ਪੈ ਗਿਆ। ਵਿਆਹ ਤੋਂ ਪਹਿਲਾਂ ਸਬੰਧ ਬਣਾਉਣੇ ਸ਼ਰੀਆ ਕਾਨੂੰਨ ਦੀ ਉਲੰਘਣਾ ਹੈ ਤੇ ਇਸ ਦੀ ਉਲੰਘਣਾ ਕਾਰਨ ਜੋੜੇ ਨੂੰ ਸੌ-ਸੌ ਕੋੜੇ ਮਾਰਨ ਦੀ ਸਜ਼ਾ ਦਿੱਤੀ ਗਈ ਹੈ। ਇਹ ਮਾਮਲਾ ਸੁਮਾਟਰਾ ਨੇੜੇ ਇੰਡੋਨੇਸ਼ੀਆ ਦੇ ਇੱਕੋ ਮੁਸਲਿਮ ਬਹੁਗਿਣਤੀ ਖੇਤਰ ਦੇ ਆਚੇ ਪ੍ਰਾਂਤ ਦਾ ਹੈ। ਇਥੇ ਸਖ਼ਤ ਇਸਲਾਮਿਕ ਕਾਨੂੰਨ ਲਾਗੂ ਹੈ।

ਖਬਰ ਮੁਤਾਬਕ ਮੁੰਡਾ ਕੁਝ ਕੋੜੇ ਖਾਣ ਤੋਂ ਬਾਅਦ ਦਰਦ ਨਾ ਸਹਿਣ ਕਰ ਸਕਿਆ ਤੇ ਰੋਣ ਲੱਗ ਪਿਆ। ਇਸ ਤੋਂ ਬਾਅਦ ਉਥੇ ਅਧਿਕਾਰੀਆਂ ਨੇ ਔਰਤ ਨੂੰ ਕੋੜੇ ਮਾਰੇ। ਉਂਝ ਇਸ ਇਲਾਕੇ 'ਚ ਇਲਾਕੇ 'ਚ ਇਸ ਤਰ੍ਹਾਂ ਦੀ ਸਜ਼ਾ ਨੂੰ ਦੇਖਣ ਲਈ ਹਜ਼ਾਰਾਂ ਲੋਕਾਂ ਦੀ ਭੀੜ ਇਕੱਠੀ ਹੁੰਦੀ ਹੈ, ਪਰ ਕੋਰੋਨਾ ਦੇ ਕਾਰ ਕੁਝ ਲੋਕ ਹੀ ਇਕੱਠੇ ਹੋਏ। ਸਥਾਨਕ ਪ੍ਰਸ਼ਾਸਨ ਨੇ ਕੋੜੇ ਦੀ ਸਜ਼ਾ ਦੇਣ ਤੋਂ ਪਹਿਲਾਂ ਜੋੜੇ ਦਾ ਟੈਂਪਰੇਚਰ ਚੈੱਕ ਕੀਤਾ ਅਤੇ ਮਾਸਕ ਵੀ ਪਹਿਨਾਇਆ ਗਿਆ। ਖਬਰ ਮੁਤਾਬਕ ਇਥੇ ਪਹਿਲਾਂ ਵੀ ਇੱਕ ਵਿਅਕਤੀ ਨੂੰ ਛੋਟੀ ਉਮਰ ਦੀ ਕੁੜੀ ਨਾਲ ਸਬੰਧਾਂ ਲਈ 40 ਕੋੜਿਆਂ ਦੀ ਸਜ਼ਾ ਮਿਲੀ ਸੀ।

# ਇਟਲੀ 'ਚ ਪੰਜਾਬੀ ਨੌਜਵਾਨ ਵੱਲੋਂ ਖ਼ੁਦਕੁਸ਼ੀ



ਮਿਲਾਨ, 8 ਜੂਨ (ਪੋਸਟ ਬਿਊਰੋ)- ਇਟਲੀ 'ਚ ਕਰਜ਼ੇ ਹੇਠ ਦੱਬੇ ਪੰਜਾਬੀ ਨੌਜਵਾਨ ਵੱਲੋਂ ਕੱਲ੍ਹ ਖ਼ੁਦਕੁਸ਼ੀ ਕਰ ਲੈਣ ਦੀ ਖ਼ਬਰ ਹੈ, ਜਿਸ ਕਾਰਨ ਪੰਜਾਬੀ ਭਾਈਚਾਰੇ ਵਿੱਚ ਦੁੱਖ ਦੀ ਲਹਿਰ ਹੈ।

ਮਿਲੀ ਜਾਣਕਾਰੀ ਮੁਤਾਬਿਕ ਪੰਜਾਬ ਦੇ ਜਲੰਧਰ ਜ਼ਿਲ੍ਹੇ ਨਾਲ ਸਬੰਧਿਤ ਨੌਜਵਾਨ ਜੋਬਨ ਸਿੰਘ ਉਰਫ਼ ਕਾਲਾ (24) ਕਰੀਬ 8-10 ਮਹੀਨੇ ਪਹਿਲਾਂ ਕਰਜ਼ਾ ਚੁੱਕ ਕੇ ਇਟਲੀ ਆਇਆ ਸੀ ਪਰ ਇਥੇ ਕੰਮ-ਕਾਰ ਖਾਸ ਚੰਗੇ ਨਾ ਹੋਣ ਕਾਰਨ ਉਸ ਨੂੰ ਕਾਫ਼ੀ ਨਿਰਾਸ਼ਾ ਵੇਖਣੀ ਪਈ। ਜਿਹੜਾ ਮਾੜਾ ਮੋਟਾ ਕੰਮ ਮਿਲਦਾ ਸੀ, ਤਾਲਾਬੰਦੀ ਦੌਰਾਨ ਉਹ ਵੀ ਬੰਦ ਹੋ ਗਿਆ। ਇਟਲੀ ਸਰਕਾਰ ਵੱਲੋਂ ਕੱਚੇ ਬੰਦਿਆਂ ਨੂੰ ਪੱਕਾ ਕਰਨ ਲਈ ਖੋਲ੍ਹੇ ਗਏ ਪੇਪਰਾਂ ਨਾਲ ਉਸ ਨੂੰ ਇਥੇ ਪੱਕੇ ਹੋਣ ਦੀ ਆਸ ਸੀ, ਪਰ ਪੇਪਰ ਭਰਾਉਣ ਜੋਗੇ ਪੈਸੇ ਨਾ ਹੋਣ ਕਾਰਨ ਮਾਨਸਿਕ ਪਰੇਸ਼ਾਨੀ 'ਚ ਸੀ, ਜਿਸ ਕਾਰਨ ਉਸ ਨੇ ਲਾਸਿਓ ਸੂਬੇ ਦੇ ਜ਼ਿਲ੍ਹਾ ਲਾਤੀਨਾ ਦੇ ਪਿੰਡ ਬੇਲਾ ਫਾਰਨੀਆਂ (ਸਬਾਊਦੀਆ) ਵਿਖੇ ਖ਼ੁਦਕੁਸ਼ੀ ਕਰ ਲਈ।


GREAT OPPOURTUNITY TO INVEST IN NIAGRA FALLS



- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months

Starting from low 400,000

✓ Freehold
✓ Individual Yard & Driveway
✓ 25x100ft lot
✓ Finished Basement

40k Deposit Structure
$10,000 Submitted with offer
$10,000 Submitted 90 days after Offer Date
$20,000 Submitted 150 days after Offer Date

Jagdish Grewal
Sales Representative



Residential | Commercial | Investment

(416) 970-5005


Century 21 President Realty Inc Brokerage* Independently Owned and Operated.

www.vipcondonetwork.com
27 Armthorpe Rd Brampton #3,
ON L6T 5M4 | Fax : 905-488-2101

Office: 905-488-2100
Ext. 348

# ਫਿਲਮੀ ਦੁਨੀਆਂ

## ਕਬੀਰ ਹੀ ਦੇਖ ਰਹੇ ਹਨ ‘83’ ਦਾ ਪੋਸਟ ਪ੍ਰੋਡਕਸ਼ਨ





ਇਨ੍ਹੀਂ ਦਿਨੀਂ ਇੱਕ ਅਫਵਾਹ ਚੱਲੀ ਹੈ ਕਿ ਰਿਲਾਇੰਸ ਇੰਟਰਟੇਨਮੈਂਟ ਗਰੁੱਪ ਦੇ ਸੀ ਈ ਓ ਸ਼ਿਬਾਸ਼ੀਸ਼ ਸਰਕਾਰ ਦੇ ਕੋਵਿਡ 19 ਪਾਜ਼ੀਟਿਵ ਪਾਏ ਜਾਣ ਦੇ ਕਾਰਨ ਦੀਪਿਕਾ ਪਾਦੁਕੋਣ ਫਿਲਮ ‘83' ਦਾ ਬਤੌਰ ਨਿਰਮਾਤਾ ਪੋਸਟ ਪ੍ਰੋਡਕਸ਼ਨ ਦੇਖੇਗੀ। ਇਨ੍ਹਾਂ ਅਫਵਾਹਾਂ ਨੂੰ ਰੱਦ ਕਰਦੇ ਹੋਏ ‘83’ ਟੀਮ ਨਾਲ ਜੁੜੇ ਇੱਕ ਕਰੀਬੀ ਨੇ ਕਿਹਾ ਕਿ ਕੋਵਿਡ 19 ਦੇ ਸਮੇਂ ਵਿੱਚ ਸਾਨੂੰ ਸਾਰਿਆਂ ਨੂੰ ਇੱਕ ਦੂਸਰੇ ਦੀ ਚੰਗੀ ਸਿਹਤ ਦੀ ਕਾਮਨਾ ਕਰਨੀ ਚਾਹੀਦੀ ਹੈ। ਇਹ ਮਨਘੜਤ ਕਹਾਣੀ ਹੈ। ਦੀਪਿਕਾ ਪਾਦੁਕੋਣ ਸਹਿ ਨਿਰਮਾਤਾ ਦੇ ਰੂਪ ਵਿੱਚ ‘83’ ਦੇ ਬਾਕੀ ਨਿਰਮਾਤਾਵਾਂ ਵਾਂਗ ਪ੍ਰੋਜੈਕਟ ਦਾ ਹਿੱਸਾ ਹਨ। ਫਿਲਮ ਡਾਇਰੈਕਟਰ ਕਬੀਰ ਖਾਨ ਹਨ। ਉਹ ਹੀ ਪੋਸਟ ਪ੍ਰੋਡਕਸ਼ਨ ਦਾ ਕੰਮ ਦੇਖ ਰਹੇ ਹਨ। ਫਿਲਮ ‘83’ ਸਾਲ 1983 ਵਿੱਚ ਭਾਰਤੀ ਕ੍ਰਿਕਟ ਟੀਮ ਦੇ ਵਿਸ਼ਵ ਵਿਜੇਤਾ ਬਣਨ 'ਤੇ ਆਧਾਰਤ ਹੈ। ਉਸ ਵਿੱਚ ਰਣਵੀਰ ਸਿੰਘ ਕਪਿਲ ਦੇਵ ਦੀ ਭੂਮਿਕਾ ਵਿੱਚ ਹਨ। ਫਿਲਮ ਨੂੰ ਹਿੰਦੀ, ਤਮਿਲ ਅਤੇ ਤੇਲਗੂ ਵਿੱਚ ਰਿਲੀਜ਼ ਕੀਤਾ ਜਾਏਗਾ।

## ਪਰਿਵਾਰਕ ਐਕਸ਼ਨ ਡਰਾਮਾ ਫਿਲਮ ਵਿੱਚ ਮਹੇਸ਼ ਬਾਬੂ ਨਾਲ ਨਜ਼ਰ ਆਏਗੀ ਕਿਆਰਾ

ਇਨ੍ਹੀਂ ਦਿਨੀਂ ਕਿਆਰਾ ਅਡਵਾਨੀ ਦੇ ਸਿਤਾਰੇ ਬੁਲੰਦੀ 'ਤੇ ਹਨ। ਇਸ ਸਾਲ ਉਸ ਦੀਆਂ ਫਿਲਮਾਂ ‘ਲਛਮੀ ਬੰਬ’, ‘ਇੰਦੂ ਕੀ ਜਵਾਨੀ’ ਅਤੇ ਸ਼ੇਰਸ਼ਾਹ’ ਰਿਲੀਜ਼ ਹੋਣ ਵਾਲੀਆਂ ਹਨ। ਚੌਥੀ ਫਿਲਮ ‘ਭੂਲ ਭੁਲੱਈਆਂ 2’ ਦੀ ਸ਼ੂਟਿੰਗ ਥੋੜ੍ਹੀ ਬਾਕੀ ਹੈ। ਇਸ ਦੌਰਾਨ ਕਿਆਰਾ ਨੇ ਇੱਕ ਹੋਰ ਫਿਲਮ ਸਾਈਨ ਕਰ ਲਈ ਹੈ। ਇਹ ਇੱਕ ਤੇਲਗੂ ਫਿਲਮ ਹੈ, ਜਿਸ ਵਿੱਚ ਉਹ ਮਹੇਸ਼ ਬਾਬੂ ਦੇ ਨਾਲ ਨਜ਼ਰ ਆਏਗੀ। ‘ਸਰਕਾਰੂ ਵਾਰੀ ਪਾਟਾ’ ਨਾਂਅ ਦੀ ਫਿਲਮ ਨੂੰ ਤੇਲਗੂ ਫਿਲਮ ਡਾਇਰੈਕਟਰ ਪਰਸ਼ੂਰਾਮ ਨਿਰਦੇਸ਼ਿਤ ਕਰਨਗੇ।

ਇਹ ਫਿਲਮ ਇੱਕ ਵੱਡੇ ਘੋਟਾਲੇ ਬਾਰੇ, ਜਿਸ ਵਿੱਚ ਮਹੇਸ਼ ਬਾਬੂ ਇੱਕ ਵਪਾਰੀ ਦੀ ਭੂਮਿਕਾ ਵਿੱਚ ਆਉਣਗੇ, ਜੋ ਖੁਦ ਨੂੰ ਇਮਾਨਦਾਰ ਦਿਖਾਉਂਦਾ ਹੈ, ਪਰ ਪਰਦੇ ਪਿੱਛੇ ਉਸ ਨੇ ਕਈ ਘੋਟਾਲੇ ਕੀਤੇ ਹਨ। ਇਸ ਫਿਲ ਵਿੱਚ ਕਿਆਰਾ ਦੀ ਭੂਮਿਕਾ ਕਾਫੀ ਮਹੱਤਵ ਪੂਰਨ ਹੈ। ਇਸ ਦੀ ਸਕ੍ਰਿਪਟ ਲਿਖੀ ਜਾ ਚੁੱਕੀ ਹੈ ਅਤੇ ਸ਼ੂਟਿੰਗ ਦੀ ਯੋਜਨਾ ਵੀ ਤਿਆਰ ਹੈ।



## ਰਿਤਿਕ ਨੇ ਦੱਸਿਆ ‘ਜਾਦੂ’ ਦੇ ਵਾਧੂ ਅੰਗੂਠੇ ਦਾ ਰਾਜ਼

ਸੋਸ਼ਲ ਮੀਡੀਆ ਦੇ ਜ਼ਰੀਏ ਸਿਤਾਰਿਆਂ ਨੂੰ ਆਪਣੇ ਪ੍ਰਸ਼ੰਸਕਾਂ ਨਾਲ ਸਿੱਧੀ ਗੱਲਬਾਤ ਕਰਨ ਦਾ ਮੌਕਾ ਮਿਲਦਾ ਹੈ। ਇਸ ਦੌਰਾਨ ਕਈ ਵਾਰ ਪ੍ਰਸ਼ੰਸਕ ਆਪਣੀ ਜਗਿਆਸਾ ਉਨ੍ਹਾਂ ਅੱਗੇ ਰੱਖਦੇ ਹਨ। ਸਿਤਾਰੇ ਵੀ ਉਨ੍ਹਾਂ ਦਾ ਜਵਾਬ ਦਿੰਦੇ ਹਨ। ਫਿਲਮ ‘ਕੋਈ ਮਿਲ ਗਯਾ’ ਬਾਰੇ ਇੱਕ ਯੂਜ਼ਰ ਨੇ ਰਿਤਿਕ ਰੋਸ਼ਨ ਅਤੇ ਉਸ ਦੇ ਪਿਤਾ ਰਾਕੇਸ਼ ਰੋਸ਼ਨ ਨੂੰ ਟੈਗ ਕਰਦੇ ਹੋਏ ਪੁੱਛਿਆ ਕਿ ਟੀ ਵੀ ਉੱਤੇ ‘ਕੋਈ ਮਿਲ ਗਯਾ’ ਦੇਖਦੇ ਸਮੇਂ ਮੈਨੂੰ ਇੱਕ ਅਜੀਬ ਜਿਹੀ ਚੀਜ਼ ਦੇਖਣ ਨੂੰ ਮਿਲੀ। ਕੀ ਰੋਹਿਤ ਮਹਿਰਾ ਦੀ ਤਰ੍ਹਾਂ ਜਾਦੂ ਨੂੰ ਵੀ ਵਾਧੂ ਅੰਗੂਠਾ ਦੇਣਾ ਕਿਸੇ ਮਕਸਦ ਦੇ ਹਿੱਸਾ ਸੀ? ਕੀ ਦੋਵਾਂ ਕਿਰਦਾਰਾਂ ਵਿੱਚ ਲਗਾਅ ਦਾ ਵੱਡਾ ਕਾਰਨ ਸੀ? ਆਪਣੇ ਪ੍ਰਸ਼ੰਸਕ ਦੀ ਜਗਿਆਸਾ ਦਾ ਜਵਾਬ ਦਿੰਦੇ ਹੋਏ ਰਿਤਿਕ ਨੇ ਲਿਖਿਆ, ‘‘ਹਾਂ, ਤਾਂ ਕਿ ਰੋਹਿਤ ਨੂੰ ਜਾਦੂ ਨਾਲ ਆਪਨਾਪਣ ਮਹਿਸੂਸ ਕਰਨ ਦੀ ਆਸਾਨੀ ਹੋਵੇ। ਫਿਲਮ ਵਿੱਚ ਇਹ ਬੜਾ ਛੋਟਾ ਰੱਖਣਾ ਸੀ, ਕਿਉਂਕਿ ਅੰਗੂਠਾ ਓਨਾ ਵਧੀਆ ਨਹੀਂ ਦਿੱਸ ਰਿਹਾ ਸੀ, ਜਿੰਨਾ ਮੈਂ ਚਾਹੁੰਦਾ ਸੀ। ਮੇਰੇ ਦੋਸਤ ਤੁਹਾਡੀਆਂ ਨਜ਼ਰਾਂ ਤੇਜ਼ ਹਨ। ਸੁਰੱਖਿਆ ਰਹੋ।’’

ਸਾਰਿਆਂ ਨੂੰ ਪਤਾ ਹੈ ਕਿ ਰਿਤਿਕ ਦੇ ਸੱਜੇ ਹੱਥ ਵਿੱਚ ਵਾਧੂ ਅੰਗੂਠਾ ਹੈ। ਇਸ ਸਮੇਂ ਰਿਤਿਕ ਆਪਣੇ ਪਾਪਾ ਦੇ ਨਾਲ ‘ਕ੍ਰਿਸ਼’ ਸੀਰੀਜ਼ ਦੀ ਅਗਲੀ ਫਿਲਮ ‘ਕ੍ਰਿਸ਼ 4’ ਉੱਤੇ ਕੰਮ ਕਰ ਰਹੇ ਹਨ। ਰਾਕੇਸ਼ ਰੋਸ਼ਨ ਦੇ ਨਿਰਦੇਸ਼ਨ ਵਾਲੀ ਫਿਲਮ ‘ਕੋਈ ਮਿਲ ਗਯਾ’ ਸਾਲ 2003 ਵਿੱਚ ਰਿਲੀਜ਼ ਹੋਈ ਸੀ। ਇਸ ਫਿਲਮ ਵਿੱਚ ਰਿਤਿਕ ਦੇ ਨਾਲ ਪ੍ਰਿਟੀ ਜ਼ਿੰਟਾ ਅਤੇ ਰੇਖਾ ਮੁੱਖ ਭੂਮਿਕਾ ਵਿੱਚ ਸਨ।



## ਕਰੀਨਾ ਨੇ ਰਣਵੀਰ ਨੂੰ ਵੀ ਕਾਫਤਾਨ ਪਹਿਨਣ ਦਾ ਸੁਝਾਅ ਦਿੱਤਾ





ਲਾਕਡਾਊਨ ਵਿੱਚ ਫਿਲਮੀ ਸਿਤਾਰੇ ਗਲੈਮਰ ਦੀ ਚਕਾਚੌਂਧ ਤੋਂ ਦੂਰ ਆਪਣੇ ਘਰ ਵਿੱਚ ਸਾਦਗੀ ਨਾਲ ਰਹਿ ਰਹੇ ਹਨ। ਕਰੀਨਾ ਕਪੂਰ ਖਾਨ ਘਰ ਵਿੱਚ ਜ਼ਿਆਦਾਤਰ ਕਾਫਤਾਨ (ਵਿਸ਼ੇਸ਼ ਤਰ੍ਹਾਂ ਦੀ ਪੋਸ਼ਾਕ) ਪਹਿਨਦੀ ਹੈ। ਉਸ ਨੇ ਸੋਸ਼ਲ ਮੀਡੀਆ 'ਤੇ ਕਾਫਤਾਨ ਪਹਿਨੇ ਆਪਣੀਆਂ ਤਸਵੀਰਾਂ ਪੋਸਟ ਕੀਤੀਆਂ ਹਨ ਤੇ ਰਣਵੀਰ ਸਿੰਘ ਨੂੰ ਵੀ ਕਾਫਤਾਨ ਪਹਿਨਣ ਦਾ ਸੁਝਾਅ ਦਿੱਤਾ ਹੈ। ਦਰਅਸਲ ਕਾਫਤਾਨ ਵਿੱਚ ਆਪਣੀ ਤਸਵੀਰ ਪੋਸਟ ਕਰਦੇ ਹੋਏ ਕਰੀਨਾ ਨੇ ਲਿਖਿਆ, ‘‘ਕੀ ਤੁਸੀਂ ਇੱਕ ਹੋਰ ਕਾਫਤਾਨ ਤਸਵੀਰ ਦੇ ਲਈ ਕਿਹਾ ਹੈ? ਕੀ ਮੈਂ ਇਸ ਦੇ ਬਾਵਜੂਦ ਉਸ ਨੂੰ ਪੋਸਟ ਕੀਤਾ? ਹਾਂ।’’ ਕਰੀਨਾ ਦੀ ਇਸ ਤਸਵੀਰ 'ਤੇ ਟਿੱਪਣੀ ਕਰਦੇ ਹੋਏ ਰਣਵੀਰ ਸਿੰਘ ਨੇ ਲਿਖਿਆ ਕਿ ਬੇਬੋ (ਕਰੀਨਾ) ਨੇ ਕਾਫਤਾਨ ਨੂੰ ਨਹੀਂ, ਬਲਕਿ ਕਾਫਤਾਨ ਨੇ ਬੇਬੋ ਨੂੰ ਚੁਣਿਆ ਹੈ। ਰਣਵੀਰ ਦੀ ਟਿੱਪਣੀ 'ਤੇ ਕਰੀਨਾ ਨੇ ਜਵਾਬ ਦਿੱਤਾ, ‘‘ਤੁਹਾਨੂੰ ਵੀ ਇਸ ਨੂੰ ਅਜਮਾਉਣਾ ਚਾਹੀਦਾ ਹੈ। ਅੱਗੇ ਇਹ ਤੁਹਾਨੂੰ ਵੀ ਚੁਣ ਸਕਦਾ ਹੈ।’’ ਪਿਛਲੇ ਕੁਝ ਦਿਨਾਂ ਤੋਂ ਬਿਨਾਂ ਮੇਕਅਪ ਤੋਂ ਤਸਵੀਰਾਂ ਵੀ ਕਰੀਨਾ ਅਕਸਰ ਪੋਸਟ ਕਰਦੀ ਰਹਿੰਦੀ ਹੈ। ਕਰੀਨਾ ਤੋਂ ਪ੍ਰੇਰਿਤ ਹੋ ਕੇ ਕੁਝ ਦਿਨ ਪਹਿਲਾਂ ਉਨ੍ਹਾਂ ਦੀ ਦੋਸਤ ਮਲਾਇਕਾ ਨੇ ਵੀ ਕਾਫਤਾਨ ਵਿੱਚ ਤਸਵੀਰਾਂ ਪੋਸਟ ਕੀਤੀਆਂ ਸਨ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

ਪੇਪਰ ਡਲਿਵਰੀ ਵਾਸਤੇ ਕਾਮਿਆਂ ਦੀ ਜ਼ਰੂਰਤ
ਸੈਰ ਸਪਾਟੇ ਨਾਲ ਹੁਣ ਕਰੋ ਕਮਾਈ

Flyer Distribution
ਅਸੀਂ ਪੇਪਰਾਂ ਦੀ ਡਲੀਵਰੀ ਕਰਦੇ ਹਾਂ ਅਤੇ ਸਾਨੂੰ ਵੀਕਡੇਜ਼ ਵਾਸਤੇ ਬੰਦਿਆਂ ਦੀ ਜ਼ਰੂਰਤ ਹੈ ਜਿਨ੍ਹਾਂ ਨੇ ਪੇਪਰਾਂ ਦਾ ਕੰਮ ਕੀਤਾ ਹੋਵੇ ਉਨ੍ਹਾਂ ਨੂੰ ਪਹਿਲ ਦਿੱਤੀ ਜਾਵੇਗੀ।
ਮਾਰਕਟਿੰਗ ਲਈ ਤਜਰੇਬੇਕਾਰ ਪ੍ਰੋਫੈਸ਼ਨਲਜ ਦੀ ਤੁਰੰਤ ਲੋੜ ਹੈ, ਵਧੀਆ ਪੈਕੇਜ
ਰੈਕਸਡੇਲ, ਮਾਲਟਨ ਅਤੇ ਬਰੈਂਪਟਨ ਦੇ ਨਿਵਾਸੀ ਹੀ ਕਾਲ ਕਰਨ।
ਹੋਰ ਜਾਣਕਾਰੀ ਲਈ ਕਾਲ ਕਰੋ। 416-726-9409 647-208-7011

CALL TODAY FOR ANY CLASSIFIED OR MATRIMONIAL AD !!!
905-793-2202

ਫੈਨਸਾਂ ਜਾਂ ਘਰਾਂ ਦੇ ਰੰਗ ਕਰਨ ਲਈ ਇਕੋ ਨਾਂ, ਇਕੋ ਨੰ:
647 202 7902 ਜਾਂ 647 794 6514
8 ਸਾਲਾਂ ਦਾ ਤਜ਼ਰਬਾ । ਵਾਜਿਬ ਰੇਟ ਤੇ ਸਮੇ ਸਿਰ ਕੰਮ
ਰੇਟ: $14/ਘੰਟਾ

ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ
• 6 ਦਿਨ ਕੰਮ ਸੋਮਵਾਰ ਤੋਂ ਸ਼ਨੀਵਾਰ • Biweekly payment
• Homely Environment • ਵਧੀਆ ਤਨਖਾਹ
Minimum 1 year experience & Trained mechanic
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857
(Call from 9am to 6pm)

GF1
Security Jobs - Security Guard Training - Licensing
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
■ Ministry of Community Safety and Correctional Services approved. ■ We speak English, Hindi, Punjabi &Urdu.
■ Training by Professional Instructors. First Aid & CPR certification included. ■ Limited time offer:$199/-
We Also Provide All Level's of First Aid & CPR Training
● Emergency First Aid & CPR Level's A.B.C
● Standard First Aid & CPR Level's A.B.C.HCP
● Stay at Home Course
● Baby Sitting Course
● Little Rescuers
H.O: 1332 Khalsa Dr.,Unit 3,2nd Floor,Mississauga, L5S1W5 (Near Dixie Gurdwara)
647-710-7760
Email: info@gf1security.com
1085 Bellamy Rd (N) Unit #210 Scarbrough (Toronto)
647-929-7736
Web: www.gf1security.com
REVIVE EMS CANADIAN RED CROSS Training Partner

A/Z CITY DRIVER WANTED
INNOVATION Transportation
○A/Z City Drivers Needed
○Good Pay and good Mileage
○Day, Afternoon & Weekend Shifts
○Weekly Pay
$22 /Hour
○7 Days Work ○All Shifts Available
Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
info@a1renovationgta.com
www.a1renovationgta.com
Services: • Complete Basement • Tiles • Bathrooms • Plumbing • Laminate • Hardwood Floor • Painting
A-1 RENOVATION GTA INC.
22 Listcreek Road, Brampton L6p 2n6

AL EMPLOYMENT SERVICES INC
ਕੀ ਤੁਸੀਂ ਕੰਮ ਲੱਭ ਰਹੇ ਹੋ? ਤਾਂ ਅੱਜ ਹੀ ਕਾਲ ਕਰੋ!
Looking for Experienced:
○ Machine Operators ○ AZ-DZ Drivers
○ Forklift Driver ○ Machine Mechanic
○ Millwright's
(905) 564-2322 | (416) 700 0011
Monday-Friday (10am to 5:30pm)
6630 Tomken Rd., Mississauga, L5T 1N1

HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com



CELLNTELL DISTRIBUTION INC
1-401 Traders Blvd E, Mississauga. ON
Requires F/T Permanent Position. "General Manager Financial Communication and Services to do the following:
• Create and establish finance operational methods /policies or strategies by evaluating trends to increase the growth of business.
• Determine the company's mission and strategic direction as conveyed through policies and concrete objectives which are met through the effective management of human, financial and material resources
• Authorize and organize the establishment of major departments and associated senior staff positions
• Plan, Monitor and review job contributions and compensation strategies.
• Establish productivity, quality and customer service strategies.
• Conduct operation strategies to improve, reduce cost and system enhancement.
• Monitor and Manage support services for accounts and finance. Facilitate coordination and communication between support functions.
• Represent the organization, or delegate representatives to act in negotiations or other official functions.
Salary: $58 per hour with 35hrs week, Experience:5 yrs, Bachelor's Degree (Required) with English Proficiency.
Email Resume : umar.w@cellntell.com

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT INSURED & BONDED EVERY SERVICE WITH WARRANTY SERVING GTA
CALL: 905-463-2153
Ants. Wasp. Centepede. Fleas. Bed Bugs

You can Place Your Business Here (905)793-2202
To Reach Wider Audience



Marriage
Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਜੱਟ ਸਿੱਖ ਗਰੇਵਾਲ ਲੜਕਾ, 1994, ਕੱਦ 6'2'', ਜੋ ਕਿ ਆਸਟ੍ਰੇਲੀਆ 'ਚ ਸਟੱਡੀ ਵੀਜ਼ੇ 'ਤੇ ਰਹਿ ਰਿਹਾ ਹੈ, ਲਈ ਕੈਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਭੈਣ ਕੈਨੇਡਾ (ਟੋਰਾਂਟੋ) ਤੇ ਦੂਸਰੀ ਭੈਣ ਆਸਟ੍ਰੇਲੀਆ 'ਚ ਸੈਟਲਡ ਹੈ। ਲੜਕੇ ਦੇ ਮਾਤਾ ਜੀ ਸੁਪਰ ਵੀਜ਼ੇ 'ਤੇ ਕੈਨੇਡਾ ਆਏ ਹੋਏ ਹਨ। ਸੰਪਰਕ:-647-772-6650, ਵਟਸ ਐਪ ਨੰਬਰ:- 99156-62207

Match for Handsome Jat Sikh boy 40/5'10"(Issueless divorce), B.Tech, M.S (USA) Working in MNC as Senior Software Engineer in the USA. Family of Doctors and Engineers. Please respond with recent pics. Email match52020@gmail.com, Whats-app: +91-9815787350

ਜੱਟ ਸਿਖ, 40 ਸਾਲ ਉਮਰ, 1/5 ਸਾਲਾ ਦਾ ਲੜਕਾ, ਬੀ ਫਾਰਮੇਸੀ, ਅਪਨਾ ਬਿਜ਼ਨਸ ਤੇ ਜ਼ਮੀਨ ਜ਼ਾਇਦਾਦ, ਪੰਜਾਬ ਫੀਰੋਜ਼ਪੁਰ ਤੋ, ਵੀਜ਼ਟਰ ਵਿਜੇ ਤੇ ਆਏ ਲਈ ਪੀ-ਆਰ ਜਾਂ ਵੱਰਕ ਪਰਮਿਟ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਕੈਨੇਡਾ ਵਿੱਚ ਵੈਲ-ਸੈਟਲਡ ਹੈ। ਸੰਪਰਕ ਕਰੋ: 647-625-5706

ਕੈਨੇਡਾ ਵਿੱਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿੱਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਚਾਹਵਾਨ ਸੱਜਣ ਇਨ੍ਹਾਂ ਨੰਬਰਾਂ ਉੱਤੇ ਸੰਪਰਕ ਕਰ ਸਕਦੇ ਹਨ-9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Studentਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Studentਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਕੈਨੇਡੀਅਨ ਇਮੀਗ੍ਰੈਂਟ ਕੰਬੋਜ ਸਿੱਖ (ਚਤਰਥ) ਲੜਕਾ ਉਮਰ 32 ਸਾਲ 5'8'' ਸੋਹਣਾ ਸੁਨੱਖਾ, ਲਈ ਪੜ੍ਹੀ ਲਿਖੀ ਕੈਨੇਡਾ ਰਹਿੰਦੀ ਲੜਕੀ ਦੀ ਲੋੜ ਹੈ। ਮੁੰਡੇ ਦਾ ਸਾਰਾ ਪਰਿਵਾਰ ਕੈਨੇਡਾ ਸੈਟਲਡ ਹੈ। ਸੰਪਰਕ: 780-297-7375

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10'', Dentist, MBAਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ :647-280-6503 I +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)

## ਲੜਕੀ ਦੀ ਲੋੜ

ਸੁਨਿਆਰਾ ਲੜਕਾ, ਉੱਮਰ 25 ਸਾਲ, ਕੱਦ 5'8'', ਕੈਨੇਡੀਅਨ ਸਿਟੀਜ਼ਨ, ਵੈਲ ਸੇਟਲਡ, ਆਪਣਾ ਕਾਰੋਬਾਰ ਲਈ ਕੈਨੇਡੀਅਨ/ਅਮਰੀਕਨ ਸਿਟੀਜਨ ਜਾਂ ਪੀ ਆਰ ਲੜਕੀ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਟ ਹੋਲਡਰ ਵੀ ਸੰਪਰਕ ਕਰ ਸਕਦੇ ਹਨ। ਕਿਰਪਾ ਕਰਕੇ ਆਪਣੇ ਬਰਾਦਰੀ ਵਾਲੇ ਹੀ ਸੰਪਰਕ ਕਰਨ।
ਕਾਲ : 647-739-3600 ।

ਅਰੋੜਾ ਸਿੱਖ ਲੜਕਾ, ਉੱਮਰ 36 ਸਾਲ, ਕੱਦ 5'11',ਕੇਨੈਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰ ਰਹੇ ਲੜਕੇ ਲਈ ਘਰੇਲੂ ਅਤੇ ਪੀ ਆਰ/ ਵਰਕ ਪਰਮਿਟ ਲੜਕੀ ਦੀ ਲੋੜ ਹੈ। ਕਿਰਪਾ 30 ਤੋ ਵੱਧ ਉੱਮਰ ਦੀਆਂ ਲੜਕੀਆਂ ਹੀ ਸੰਪਰਕ ਕਰਨ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 431-998-8022

ਜੱਟ ਸਿੱਖ ਲੜਕਾ, ਉੱਮਰ 27 ਸਾਲ, ਕੱਦ 5'11'', ਕੈਨੇਡਾ ਵਿੱਚ ਪੀ ਆਰ ਹੈ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਓਹੀ ਸੰਪਰਕ ਕਰਨ ਜੋ ਲੜਕੇ ਦੇ ਦੁਬਈ ਰੋਹਿੰਦੇ ਭਰਾ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ ਲੋਕਲ: (587)-936-0127 ਜਾਂ ਇੰਡੀਆ: +91-94179-16049

ਜੱਟ ਸਿੱਖ ਲੜਕਾ, ਉੱਮਰ 28 ਸਾਲ, ਕੱਦ 5'7'', ਕੈਨੇਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੀ ਆਰ ਜਾਂ ਸਿਟੀਜਨ , ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੇਨੈਡਾ ਵਿੱਚ ਪੀ ਆਰ ਅਤੇ ਵਧੀਆ ਸੈਟਲਡ ਹੈ। ਪੰਜਾਬ ਤੋਂ ਮਾਝੇ ਜਿਲ੍ਹੇਂ ਨੂੰ ਪਹਿਲ ਦਿੱਤੀ ਜਾਵੇਗੀ। ਕਾਲ ਕਰੋ: 716-536-1939 ਜਾਂ ਵਟਸਐਪ ਕਰੋ: +91-98144-90449

ਜੱਟ ਸਿੱਖ ਲੜਕਾ ਗਰੇਵਾਲ, ਉੱਮਰ 35 ਸਾਲ, ਕੱਦ 5'5'', ਪੀ ਆਰ, ਕੈਨੇਡਾ ਵਿੱਚ ਵੈਲ ਸੈਟਲਡ, ਤਲਾਕਸ਼ੁਦਾ ਪਰ ਬੇਕਸੂਰ ਅਤੇ ਕੋਈ ਬੱਚਾ ਨਹੀਂ, ਨਸ਼ਾ ਰਹਿਤ, ਪੰਜਾਬ ਵਿੱਚ ਸ਼ਹਿਰੀ ਜ਼ਮੀਨ ਦਾ ਮਾਲਕ ਲਈ ਖਾਨਦਾਨੀ ਲੜਕੀ ਦੀ ਲੋੜ ਹੈ। ਪੀ ਆਰ ਲੜਕੀ ਨੂੰ ਪਹਿਲ। ਲੜਕੇ ਦੇ ਮਾਤਾ ਪਿਤਾ ਸੂਪਰਵੀਜ਼ੇ ਤੇ ਕੈਨੇਡਾ ਆਏ ਹਨ ਅਤੇ ਭੈਣ ਵੇਲ ਸੈਟਲਡ ਹੈ। ਲੜਕੇ ਦਾ ਭਰਾ ਅਮਰੀਕਾ ਵਿੱਚ ਰਹਿੰਦਾ ਹੈ। ਵਧੇਰੀ ਜਾਣਕਾਰੀ ਲਈ ਕਾਲ ਕਰੋ: 647-836-5403

## ਲੜਕੇ ਦੀ ਲੋੜ

ਜੱਟ ਸਿੱਖ ਲੜਕੀ, ਕੱਦ 5 ਫੁੱਟ 3 ਇੰਚ, ਜਨਮ 1989, ਬੀ.ਐਂਡ., ਐਮ.ਏ ਈਕੋਨਾਮਿਕਸ, ਆਈਲੈਟਸ 'ਚ 6.5 ਬੈਂਡਜ਼ ਇਨ ਜਨਰਲ, ਜੋ ਕਿ 6 ਸਾਲ ਦਾ ਪੜ੍ਹਾਉਣ ਦਾ ਤਜਰਬਾ ਰੱਖਦੀ ਹੈ ਅਤੇ ਭਾਰਤ 'ਚ ਰਹਿ ਰਹੀ ਹੈ, ਲਈ ਕੈਨੇਡੀਅਨ ਪੀ.ਆਰ., ਸਪਾਂਸਰਸ਼ਿਪ, ਵਰਕ ਪਰਮਿਟ ਵਾਲੇ ਲੜਕੇ ਦੀ ਲੋੜ ਹੈ। ਲੜਕੀ ਦੀ ਭੈਣ ਕੈਨੇਡਾ ਵੈੱਲ ਸੈਟਲਡ ਹੈ। ਸੰਪਰਕ:- ਭਾਰਤ- 95925-26284, ਕੈਨੇਡਾ- 403-804-9345

ਲੁਬਾਣਾ ਸਿੱਖ ਪਰਿਵਾਰ, ਉੱਮਰ 26 ਸਾਲ, ਕੱਦ 5'5'', ਕੈਨੇਡੀਅਨ ਯੂਨੀਵਰਸਿਟੀ ਤੋਂ ਬੀ ਐਸ ਸੀ ਡੀਗਰੀ ਪ੍ਰਾਪਤ ਕੀਤੀ ਹੈ ਅਤੇ ਆਪਣੀ ਫੀਲਡ ਵਿੱਚ ਹੀ ਚੰਗੀ ਜੋਬ ਕਰ ਰਹੀ ਹੈ ਲਈ ਚੰਗੇ, ਯੋਗ ਅਤੇ ਪੜੇ ਲਿਖੇ ਲੜਕੇ ਦੀ ਲੋੜ ਹੈ। ਜੀ ਟੀ ਏ ਨੂੰ ਪਹਿਲ। ਕਾਲ ਕਰੋ : 647-938-9464

Seeking a suitable match for Canadian born punjabi tonk kshatriya girl, 36 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਢਿੱਲੋ ਲੜਕੀ, ਉਮਰ 31 ਸਾਲ, ਕੱਦ 5'-3'', ਪੜ੍ਹੀ-ਲਿਖੀ ਤੇ ਕੈਨੇਡਾ ਵਿੱਚ P.R ਲੜਕੀ ਲਈ ਪੜ੍ਹਿਆ-ਲਿਖੀਆ P.R ਜਾਂ Work Permit/Visitor Visa ਤੇ ਆਏ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 28 ਸਾਲ ਤੋ ਘੱਟ ਨਾ ਹੋਵੇ ਤੇ ਨਸ਼ਿਆ ਤੋਂ ਰਹਿਤ ਹੋਵੇ। ਮਾਲਵੇ ਨੂੰ ਪਹਿਲ। ਸੰਪਰਕ ਕਰੋ: +91 98881-21412 ਜਾਂ +91 97802-16716

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

## ਲੜਕੇ ਦੀ ਲੋੜ

ਰਾਮਗੜ੍ਹੀਆ ਲੜਕੀ, 1986 ਦਾ ਜਨਮ, ਕੱਦ 5'2'', ਗੋਰਾ ਰੰਗ, ਯੋਗਤਾ ਐਮ.ਸੀ.ਏ., ਕੈਨੇਡੀਅਨ ਇਮੀਗ੍ਰਾਂਟ, ਆਈ.ਟੀ. ਕੰਪਨੀ ਟੋਰਾਂਟੋ ਵਿੱਚ ਪ੍ਰੋਫੈਸ਼ਨਲ ਅਤੇ ਚੰਗੀ ਪੋਸਟ 'ਤੇ ਜੌਬ ਕਰ ਰਹੀ, ਲਈ ਪੜ੍ਹੇ ਲਿਖੇ ਅਤੇ ਯੋਗ ਵਰ ਦੀ ਲੋੜ ਹੈ। ਲੜਕੀ ਦੀਆਂ ਦੋ ਭੈਣਾਂ, ਇੱਕ ਯੂ.ਕੇ. ਅਤੇ ਦੂਜੀ ਇੰਡੀਆ ਵਿੱਚ ਵੈਲ ਸੈਟਲਡ ਹਨ। ਕਿਰਪਾ ਕਰਕੇ ਲੜਕਾ ਆਪਣਾ ਅਤੇ ਆਪਣੇ ਪਰਿਵਾਰ ਦਾ ਸਾਰਾ ਵੇਰਵਾ ਆਪਣੀ ਫੋਟੋ ਸਮੇਤ ਭੇਜੇ। Email jeetsjandu@gmail.com ਜਾਂ ਸਾਨੂੰ ਵਟਸਐਪ ਨੰਬਰ ਤੇ ਸੰਪਰਕ ਕਰ ਸਕਦੇ ਹੋ: +919463328029

ਜੱਟ ਸਿੱਖ ਗਿਲ ਲੜਕੀ, ਉਮਰ 23 ਸਾਲ, ਕੱਦ 5'-3'', ਨੈਨੀ ਬੇਸ ਤੇ ਆਏ ਲੜਕੀ ਲਈ ਕੈਨੇਡੀਅਨ P.R ਜਾਂ ਸਿਟੀਜ਼ਨ ਲੜਕੇ (25 ਤੋਂ 30 ਸਾਲਾ ਉਮਰ) ਦੀ ਲੋੜ ਹੈ। ਸੰਪਰਕ ਕਰੋ: 437-221-4002

ਜੱਟ ਸਿੱਖ ਲੜਕੀ, ਉਮਰ 29 ਸਾਲ , ਕੱਦ 5'1'', ਸਟਡੀ ਵੀਜੇ ਤੇ ਆਈ, M.A (English) & Education Technology Diploma ਲੜਕੀ ਲਈ, ਪੜ੍ਹਿਆ-ਲਿਖਿਆ, ਖਾਨਦਾਨੀ ਕੈਨੇਡੀਅਨ PR ਜਾਂ ਵਰਕ ਪਰਮਿਟ ਤੇ ਆਏ ਲੜਕੇ ਦੀ ਲੋੜ ਹੈ।ਸੰਪਰਕ ਕਰੋ : 647-994-1985 I 416-494-9943

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਸਰਾਂ, ਉਮਰ 32 ਸਾਲ, ਕੱਦ 6'' ਫੁੱਟ, **Canadian P.R** ਲੜਕੇ ਲਈ ਲੜਕੀ ਦੀ ਲੋੜ ਜਿਹੜੀ **Visitor/Nanny** ਜਾਂ ਫਿਰ **Student** ਹੋਵੇ ਅਤੇ ਉਮਰ 26 ਸਾਲ, ਜਾਂ ਉਸ ਤੋਂ ਉੱਪਰ ਹੋਵੇ। ਸੰਪਰਕ ਕਰੋ: 289-489-9321

ਜੱਟ ਸਿੱਖ ਬੈਨੀਪਾਲ ਲੜਕੀ, ਉੱਮਰ 23 ਸਾਲ, ਯੋਗਤਾ ਬੀ ਐਸ ਸੀ ਨਰਸਿੰਗ, ਵਰਕ ਪਰਮਿਟ ਤੇ' ਰਹਿ ਰਹੀ ਅਤੇ ਬੇਲ ਕੰਪਨੀ ਵਿੰਨ ਨੌਕਰੀ ਕਰਦੀਲੜਕੀ ਲਈ ਲੜਕੇ ਦੀ ਲੋੜ ਹੈ। ਉਹੀ ਸੰਪਰਕ ਕਰਨ ਜੋ ਲੜਕੀ ਦੇ ਇੰਡੀਆ ਰਹਿੰਦੇ ਭਰਾ ਜਿਸਦੀ ਉੱਮਰ 26 ਸਾਲ, ਬੀ ਏ ਪਾਸ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ: 647-544-3435

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ



UPPAL LAW
IMMIGRATION SERVICES
* Visitor Visa
* Super Visa
* Study,Work,Visitor Extension Visa
* Spousal Applications
* Family Sponsorship
* Permanent Residence Card Renewal
* Citizenship Application
* All Invitation Letters
AVTAR UPPAL Manager
OTHER PRACTICES
* Criminal Law
* Family Law
* Power of Attorney
* Change of Name
* Notarization
* Travel Consent
* Affidavit
* Landlord and Tenant Matters
AMAN UPPAL Barrister,Solicitor
FREE Consultation
Tel: 905-500-1507
351 Parkhurst Square, # 16, Brampton,ON L6T 0C2, Fax: 905-672-7848
* PRIOR APPOINTMENT NECESSARY



ਫੋਨਾਂ ਦੇ ਸਸਤੇ ਪਲਾਨ ਗਾਰੰਟੀ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਓਗੇ ਹੈਰਾਨ,
ਇਕ ਵਾਰੀ ਅਜ਼ਮਾਏ ਤੇ ਫਿਰ ਹੋਰਾਂ ਨੂੰ ਵੀ ਲਿਆਓ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

STARLANE PAINTING
Residential • Commercial • Industrial
• Hotel • Motel • Exterior • Interior • Spray Painting • Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
Call For FREE Estimate
7 Days A Week
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com

